# ਅੰਮ੍ਰਿਤ ਕੀਰਤਨ



ਆਨਰੇਰੀ ਸੰਪਾਦਕ : ਡਾ. ਜਾਗੀਰ ਸਿੰਘ

ਫਰਵਰੀ 1999 ਮੁੱਲ : 10 ਰੁਪਏ

ੴ
# ਅੰਮ੍ਰਿਤ ਕੀਰਤਨ
ਸੰਗੀਤ ਦੀ ਜਾਣਕਾਰੀ ਦੇਣ ਵਾਲਾ ਮਾਸਿਕ ਪੱਤਰ

ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ)
ਪੀ.ਐਚ.ਡੀ.

ਕਾਰਜਕਾਰੀ ਸੰਪਾਦਕ
ਡਾ. ਤ੍ਰਿਲੋਚਨ ਸਿੰਘ ਤਰਸੀ

ਸਹਿਯੋਗੀ
ਸ. ਹਰਭਜਨ ਸਿੰਘ ਚੋਪੜਾ
ਸ. ਜੋਤਿੰਦਰ ਸਿੰਘ ਸੋਹਲ
ਡਾ. ਕਰਨੈਲ ਸਿੰਘ ਸੋਮਲ
ਸ. ਉੱਤਮ ਸਿੰਘ
ਪ੍ਰੋ. ਸਤਵਿੰਦਰ ਸਿੰਘ

ਚਿੱਤਰਕਾਰ
ਗੁਰਦੀਪ ਸਿੰਘ ਦੀਪ

ਲੇ ਆਉਟ
ਸੋਹਲ ਸਪੈਸ਼ਲਸ

ਸਰਪ੍ਰਸਤ
ਭਾਈ ਹੀਰਾ ਸਿੰਘ ਮੈਮੋਰੀਅਲ ਟ੍ਰਸਟ (ਰਜਿ:)
1051, ਸੈਕਟਰ 27-ਬੀ, ਚੰਡੀਗੜ੍ਹ
ਫੋਨ : 650696

'ਅੰਮ੍ਰਿਤ ਕੀਰਤਨ' ਲਈ ਚੈੱਕ/ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

ਚਿੱਠੀ ਪੱਤਰ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ ਰਜਿ.
422, ਸੈਕਟਰ 15-ਏ,
ਚੰਡੀਗੜ੍ਹ - 160 015

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਿਰਜ਼ ਅਤੇ ਸਟੇਸ਼ਨਰਜ਼ ਐਸ.ਸੀ.ਐਫ 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ ।

ਅੰਕ 2 ◆ ਸਾਲ ਗਿਆਰਵਾਂ ◆ ਫਰਵਰੀ 1999

ਮਿਤ੍ਰ ਅਸਾਡੜੇ ਸੇਈ 2

ਕਰਉ ਬੇਨੰਤੀਆ 3

ਭਗਤ ਰਵਿਦਾਸ ਜੀ ਦੀ ਬਾਣੀ ਅਤੇ ਸੰਗੀਤ 4
ਡਾ. ਜਾਗੀਰ ਸਿੰਘ

ਸੰਗੀਤ ਇੱਕ ਅਥਾਹ ਸਮੁੰਦਰ ਹੈ -
ਦਿਲਬਾਗ ਸਿੰਘ : ਇੱਕ ਮੁਲਾਕਾਤ 7
ਲਾਲ ਸਿੰਘ

ਤਬਲੇ ਦੀ ਪਰਿਭਾਸ਼ਿਕ ਸ਼ਬਦਾਲਵੀ - II 10
ਹਰਭਜਨ ਸਿੰਘ ਧਾਰੀਵਾਲ

ਅਸੀਂ ਕਿਵੇਂ ਗੁਰੂ ਗੋਬਿੰਦ ਸਿੰਘ ਦੇ
ਸਿੱਖ ਅਖਵਾ ਸਕਦੇ ਹਾਂ ? 13
ਭਗਵੰਤ ਸਿੰਘ ਦਲਾਵਰੀ

ਪੁਸਤਕ ਸਮੀਖਿਆ 17
ਡਾ. ਗੁਰਮੀਤ ਸਿੰਘ ਬੈਦਵਾਣ

ਸਮਾਚਾਰ 18
ਸੁਖਵੰਤ ਸਿੰਘ, ਦਲਜੀਤ ਪਰਮ

Kirtan of Asa-Di-Var 19
Daljit Singh

ਸੁਰ ਲਿਪੀ ਵੇਰਵਾ 23
ਹਰਭਜਨ ਸਿੰਘ ਚੋਪੜਾ

ਗੁਰਮੁਖ ਢੂਂਢ ਢੂੰਢੇਦਿਆਂ (Free Matrimonial Service) 29

ਚੰਦੇ ਦਾ ਵੇਰਵਾ

| | |
|---|---|
| ਇਕ ਕਾਪੀ | 10 ਰੁ: |
| ਸਲਾਨਾ | 100 ਰੁ: |
| ਜੀਵਨ ਮੈਂਬਰ (15 ਸਾਲ) | 1000 ਰੁ: |
| ਵਿਦੇਸ਼ ਸਲਾਨਾ | 500 ਰੁ: |
| ਜੀਵਨ ਮੈਂਬਰ (15 ਸਾਲ) | 5000 ਰੁ: |

ਇਸ਼ਤਿਹਾਰਾਂ ਦਾ ਵੇਰਵਾ

| | |
|---|---|
| ਪਿਛਲਾ ਕਵਰ | 3000 ਰੁ: |
| ਕਵਰ ਦੇ ਅੰਦਰਲੇ ਪੰਨੇ | 2000 ਰੁ: |
| ਸਧਾਰਨ ਪੂਰਾ ਪੰਨਾ | 1000 ਰੁ: |

ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਮਿਤ੍ਰ ਅਸਾਡੜੇ ਸੇਈ

★ ਕਦੀ ਕਦੀ ਮਹਿਸੂਸ ਹੁੰਦਾ ਹੈ ਕਿ ਜਿਵੇਂ ਅਸੀਂ ਆਪਣੀ ਸਹੀ ਮੰਜਿਲ ਤੋਂ ਬਹੁਤ ਦੂਰ ਭਟਕਦੇ ਰਹੇ ਹਾਂ। ਇਸ ਸਭ ਕੁਝ ਲਈ ਸਾਡਾ ਸੁਭਾਅ ਅਤੇ ਮਨ ਜਿੰਮੇਵਾਰ ਹੈ। ਪ੍ਰਮਾਤਮਾ ਨੇ ਹਰ ਇਨਸਾਨ ਨੂੰ ਇਕ ਮਕਸਦ ਦੇ ਕੇ ਸੰਸਾਰ ਵਿਚ ਭੇਜਿਆ ਹੈ। ਕੁਝ ਨਵਾਂ ਤੇ ਕੁਝ ਸਾਰਥਕ ਕੰਮ ਕਰਨ ਲਈ। ਅਜਿਹਾ ਕੁਝ ਕਰਨ ਸਮੇਂ ਸਾਡੀ ਸੋਚ ਬੁਰੀ ਤਰ੍ਹਾਂ ਭਟਕ ਜਾਂਦੀ ਹੈ। ਤ੍ਰਿਸ਼ਨਾਵਾਂ ਆਸ਼ਾ, ਮਨਸਾ, ਲੋਭ, ਈਰਖਾ ਦਾ ਇੱਕ ਜਾਲ ਜਿਹਾ ਵਿਛਿਆ ਹੋਇਆ ਹੈ ਜਿਸ ਵਿਚ ਇਨਸਾਨ ਬੁਰੀ ਤਰ੍ਹਾਂ ਫਸ ਕੇ ਰਹਿ ਗਿਆ ਹੈ। ਜਿੰਨਾਂ ਭਾਗਾਂ ਵਿਚ ਲਿਖਿਆ ਹੈ ਉਹ ਤਾਂ ਮਿਲ ਹੀ ਜਾਣਾ ਹੈ, ਕੋਈ ਕਿਸੇ ਦਾ ਹਿੱਸਾ ਨਹੀਂ ਖਾਂਦਾ। ਆਪਣਾ ਕੀਤਾ ਹਰ ਕੋਈ ਭੁਗਤਦਾ ਹੈ । ਜੇ ਕੋਈ ਦੁਖੀ ਹੁੰਦਾ ਹੈ ਤਾਂ ਉਸ ਨੂੰ ਮੂਰਖ ਆਖ ਦਿੰਦੇ ਹਨ ਪਰ ਜੇ ਆਪ ਦੁਖੀ ਹੋਣ ਤਾਂ ਰੋਂਦੇ ਹਨ ਤੇ ਆਖਦੇ ਹਨ ਕਿ ਸਾਡੀ ਕਿਸਮਤ ਵਿੱਚ ਦੁਖ ਹੀ ਲਿਖੇ ਹਨ। ਜੋ ਆਪਣੇ ਲਈ ਮਹਿਸੂਸ ਕਰਦੇ ਹੋ ਉਹੀ ਦੂਜਿਆਂ ਲਈ ਕਿਉਂ ਨਹੀਂ ਕਰ ਸਕਦੇ। ਕੁਝ ਕੁ ਕੰਮ ਐਸੇ ਕਿਉਂ ਨਹੀਂ ਕੀਤੇ ਜਾ ਸਕਦੇ ਜਿਹੜੇ ਦੂਜਿਆਂ ਨੂੰ ਖੁਸ਼ੀ ਤੇ ਸੁਖ ਦੇਣ। ਦੂਜਿਆਂ ਨੂੰ ਖੁਸ਼ ਦੇਖ ਕੇ ਸੁਖੀ ਦੇਖ ਕੇ ਖੁਸ਼ ਹੋਣ ਵਾਲਿਆਂ ਨੂੰ ਜੋ ਪਰਮ ਆਨੰਦ ਮਿਲਦਾ ਹੈ ਉਹ ਪ੍ਰਭੂ ਦੀ ਭਗਤੀ ਲਈ ਮਾਰਗ ਹੈ, ਆਓ ਇਸ ਤੇ ਚਲ ਕੇ ਵੇਖੀਏ।

**ਬਬਲੀ ਐਸ.ਸਿੰਘ / ਲੁਧਿਆਣਾ**

★ 'ਮਿਤ੍ਰ ਅਸਾਡੜੇ ਸੇਈ' ਬੜਾ ਹੀ pleasing ਸਿਰਲੇਖ ਹੈ। ਇਸ ਹੈਡਿੰਗ ਨੂੰ ਬਾਰ ਬਾਰ ਪੜ੍ਹਕੇ ਖੁਸ਼ ਹੋ ਜਾਈਦਾ ਹੈ।

'ਕਰਉ ਬੇਨੰਤੀਆਂ' ਗੁਰਬਾਣੀ ਦੀ ਇਸ ਪਿਆਰੀ ਲਾਈਨ ਨੂੰ ਐਸੀਆਂ ਜ਼ਰੂਰੀ ਗੱਲਾਂ ਨਾਲ ਕੈਸੇ ਸੋਹਣੇ ਢੰਗ ਨਾਲ ਜੋੜਿਆ ਹੈ। ਬਹੁਤ ਖੂਬ। ਅਗਰ ਇਹਨਾਂ ਗੱਲਾਂ ਦੀ ਧਿਆਨ ਨਾਲ ਵਿਚਾਰ ਕੀਤੀ ਜਾਵੇ ਤਾਂ ਜੀਵਨ ਵਿਹਾਰ ਵਿਚ ਸੁਧਾਰ ਜਰੂਰ ਹੋਵੇਗਾ।

ਅੰਮ੍ਰਿਤ ਕੀਰਤਨ ਵਿੱਚ ਨੋਟੇਸ਼ਨਾਂ ਪੜ੍ਹ ਕੇ ਮੈਨੂੰ ਵੀ ਕੀਰਤਲ ਸਿੱਖਣ ਦਾ ਚਾਅ ਉਠਿਆ ਹੈ। ਅਜੇ ਸ਼ੁਰੂਆਤ ਨਹੀਂ ਕਰ ਸਕੀ।

ਮੈਗਜ਼ੀਨ ਬਾਰੇ ਇੱਥੇ ਕੁਝ ਲੋਕਾਂ ਨਾਲ ਗੱਲਬਾਤ ਸ਼ੁਰੂ ਕੀਤੀ ਹੈ ਪਰ ਸ਼ਬਦ ਰੂਪੀ ਲੰਗਰ ਛਕਣ ਵਾਲੇ ਵਿਰਲੇ ਹੀ ਹੁੰਦੇ ਹਨ।

**ਸਤਨਾਮ ਕੌਰ / ਬੰਬਈ**

★ ਜਨਵਰੀ ਨਵੇਂ ਸਾਲ ਦਾ ਅੰਕ ਬੇਹਦ ਪਸੰਦ ਆਇਆ। ਸੰਪਾਦਕੀ ਨੋਟ ਸ਼ੁਕਰਾਨਾ, ਪੁਸਤਕ ਸਮੀਖਿਆ ਡਾ. ਹਰਨੇਕ ਸਿੰਘ ਕਲੇਰ, ਕੈਸੇਟ ਸਮੀਖਿਆ ਵਿਚ ਭਾਈ ਨਿਰਮਲ ਸਿੰਘ ਦੀ ਕੈਸਟ ਬਾਰੇ ਭਾਈ ਅਵਤਾਰ ਸਿੰਘ ਜੀ ਵਲੋਂ, ਦੋ ਸ਼ਬਦਾਂ ਦਾ ਨੋਟੇਸ਼ਨਾਂ ਵਲੋਂ ਪ੍ਰੋ. ਪਰਮਜੋਤ ਸਿੰਘ, ਸਰਦਾਰ ਉੱਤਮ ਸਿੰਘ ਆਦਿਕ ਰਚਨਾਵਾਂ ਬਹੁਤ ਪਸੰਦ ਆਈਆਂ।

**ਮੰਗਤ ਸਿੰਘ ਮਸਤਾਨਾ / ਮਲੋਟ**

★ We fully appreciate your crusade to high light the glaring shortcomings in our 'attitudanal stance' towards almost, the basic tenets of Sikhism. Your examples of roof of the school leaking while Gurdwara has marbel all over; bargaining for Kirtan 'Bheta' and a 'Sewadar' slapping a poor child when trying to get at 'Langar'.These are very serious 'attitudanal' shortcomings.

I had a long-quiet-thinking period about what you have high-lighted. Inspite of large and varied experience, I could not think of any manner or method (to be suggested) to bring about changes for the better. Specially so in the wake of what is happening on the 'Panthic' scene. If the 300th birthday celebrations cannot unite the community ,what can? Very difficult situation.

Not withstanding the confused and complex 'Panthic' atmosphere, we need to have an intellectual forum in which well known wise and judicious people are included to take stock of these day to day problems and draw out a guideline in terms of Do's & Dont's which should have some backing from the official bodies like SGPC etc.

In addition, I would recommend that each Gurdwara committee should have 3-5 prominent local citizens nominated for deliberations in the administration of Gurdwara's. These citizens should present the common 'Sangats' point of view in these deliberations.

More than that, it is the job of some visionaries like you, Maskinji and many others to bring about awareness of these shortcomings and get the correct concepts (as per Sri Granth Sahib) into practice.

Please keep the good work going. We wish you and 'Amritkirtan' success all the way.

**Col. A.S. Rattan (Retd.) / Chandigarh**

# ਕਰਉ ਬੇਨੰਤੀਆ

## ਨਵਾਂ ਸਾਲ ਮੁਬਾਰਕ

ਦਸੰਬਰ ਮਹੀਨੇ ਵਿੱਚ ਸੱਜਣਾਂ, ਮਿੱਤਰਾਂ ਤੇ ਸਨੇਹੀਆਂ ਦੇ ਸ਼ੁਭ ਇਛਾਵਾਂ ਭਰੇ ਸੁੰਦਰ ਕਾਰਡ ਆਉਣੇ ਸ਼ੁਰੂ ਹੁੰਦੇ ਹਨ। ਪ੍ਰਮਾਤਮਾ ਦਾ ਲੱਖ ਲੱਖ ਸ਼ੁਕਰ ਕਰਦੇ ਹਾਂ ਜਿਹਨਾਂ ਨੇ ਸਾਨੂੰ ਐਸੇ-ਐਸੇ ਪਿਆਰ ਭਰੇ ਸੁਹਿਰਦ ਸੱਜਣ ਬਖਸ਼ੇ। ਹਰ ਸਾਲ ਆਸ ਬਝਦੀ ਹੈ ਕਿ ਇਸ ਸਾਲ ਕੁਝ ਐਸਾ ਚਮਤਕਾਰ ਵਾਪਰੇਗਾ ਕਿ ਦੁਨੀਆਂ ਵਿਚੋਂ ਬੇਸੁਰਾ ਪਨ ਤੇ ਬੇਤਾਲਾਪਨ ਖਤਮ ਹੋ ਜਾਵੇਗਾ। ਫਿਰ ਕੁਝ ਦਿਨ ਲੰਘਦੇ ਹਨ ਤਾਂ ਐਸਾ ਜਾਪਦਾ ਹੈ ਕਿ ਕੁਝ ਵੀ ਨਹੀਂ ਬਦਲ ਰਿਹਾ। ਫਿਰ ਅਹਿਸਾਸ ਹੁੰਦਾ ਹੈ ਕਿ ਇਹ ਬੇਸੁਰਾਪਨ ਅਤੇ ਬੇਤਾਲਾਪਨ ਤਾਂ ਤੇਰਾ ਆਪਣਾ ਹੈ। ਪਰਮਾਤਮਾ ਦੀ ਕਾਇਨਾਤ ਤਾਂ ਬਿਲਕੁਲ ਤਾਲ ਬੱਧ ਹੈ ਉਸ ਨੇ ਤਾਂ ਸਾਰਾ ਕੁਝ ਸੁਰੀਲਾ ਬਣਾਇਆ ਹੈ। ਜਦੋਂ ਤੱਕ ਤੂੰ ਆਪਣੀ ਸੁਰਤ ਨੂੰ ਉਹਦੀ ਲੈਅ ਅਨੁਸਾਰ ਨਹੀਂ ਟਿਕਾਉਂਦਾ ਉਦੋਂ ਤੱਕ ਤੈਨੂੰ ਅਸਲੀ ਸੁਰੀਲੇ ਪਨ ਦਾ ਪਤਾ ਨਹੀਂ ਲਗਦਾ। ਤੂੰ ਆਪ ਤਾਲੋਂ ਖੁੰਝ ਗਿਆ ਹੈਂ ਇਸ ਲਈ ਤੈਨੂੰ ਸੁਰ ਵੀ ਬੇਸੁਰੀ ਜਾਪਣ ਲੱਗ ਪਈ ਹੈ।

ਪਹਿਲੀ ਜਨਵਰੀ 1999 ਨੂੰ ਰਾਤ ਨੂੰ ਸਫਰ ਵਿਚ ਸਾਂ। ਦਿੱਲੀ ਤੋਂ ਵਾਪਸ ਪਰਤ ਰਹੇ ਸੀ। ਕੁਦਰਤ ਨੇ ਵਾਤਾਵਰਣ ਵਿੱਚ ਧੁੰਦ ਦੀ ਚਿੱਟੀ ਚਾਦਰ ਵਿਛਾਈ ਹੋਈ ਸੀ। ਸੁਨੇਹਾ ਸੀ ਕਿ ਦੂਰ ਹੀ ਨੇ ਵੇਖੀ ਜਾਇਆ ਕਰ-ਥੋਹੜਾ ਨਿਕਟ ਦ੍ਰਿਸ਼ਟੀ ਤੋਂ ਵੀ ਕੰਮ ਲਿਆ ਕਰ। ਅੰਮ੍ਰਿਤ ਵੇਲੇ ਪਾਨੀਪਤ ਆਪਣੇ ਪਿਆਰੇ ਮਿੱਤਰ ਸ੍ਰ. ਸੁਦਰਸ਼ਨ ਸਿੰਘ ਕਾਲਰਾ ਅਤੇ ਉਹਨਾਂ ਦੀ ਪਤਨੀ ਬੀਬੀ ਰੇਸ਼ਮ ਕੌਰ ਨੂੰ ਤਕਲੀਫ ਦਿੱਤੀ। ਸ੍ਰੀ ਦਰਬਾਰ ਸਾਹਿਬ ਤੋਂ ਪ੍ਰਸਾਰਿਤ ਹੋਇਆ ਹੁਕਮਨਾਮਾ ਉਹਨਾਂ ਦੇ ਘਰ ਹੀ ਸੁਣਿਆ। ਇਹ ਹੁਕਮਨਾਮਾ ਵੱਖਰੇ ਤੌਰ ਤੇ ਸੱਜਣਾਂ ਮਿੱਤਰਾਂ ਨੂੰ ਭੇਜ ਚੁੱਕੇ ਹਾਂ। ਪਰ ਕੁਝ ਹੋਰਾਂ ਦੀ ਇਛਾ ਹੈ ਕਿ ਇਸ ਨੂੰ ਪ੍ਰਕਾਸ਼ਿਤ ਕੀਤਾ ਜਾਵੇ।



***ਸੋਰਠਿ ਮਹਲਾ ੫ ॥ ਆਗੈ ਸੁਖੁ ਮੇਰੇ ਮੀਤਾ ॥ ਪਾਛੇ ਆਨਦੁ ਪ੍ਰਭਿ ਕੀਤਾ ॥ ਪਰਮੇਸੁਰਿ ਬਣਤ ਬਣਾਈ ॥ ਫਿਰਿ ਡੋਲਤ ਕਤਹੂ ਨਾਹੀ ॥੧॥ ਸਾਚੇ ਸਾਹਿਬ ਸਿਉ ਮਨੁ ਮਾਨਿਆ ॥ ਹਰਿ ਸਰਬ ਨਿਰੰਤਰਿ ਜਾਨਿਆ ॥੧॥ ਰਹਾਉ ॥ ਸਭ ਜੀਅ ਤੇਰੇ ਦਇਆਲਾ ॥ ਅਪਨੇ ਭਗਤ ਕਰਹਿ ਪ੍ਰਤਿਪਾਲਾ ॥ ਅਚਰਜੁ ਤੇਰੀ ਵਡਿਆਈ ॥ ਨਿਤ ਨਾਨਕ ਨਾਮੁ ਧਿਆਈ ॥੨॥੨੩॥੮੭॥ (ਪੰਨਾ ੬੩੦)***

*ਅਰਥ :- ਹੇ ਮੇਰੇ ਮਿੱਤਰ! ਜਿਸ ਮਨੁੱਖ ਦੇ ਅਗਾਂਹ ਆਉਣ ਵਾਲੇ ਜੀਵਨ ਵਿਚ ਪ੍ਰਭੂ ਨੇ ਸੁਖ ਬਣਾ ਦਿੱਤਾ, ਜਿਸ ਦੇ ਬੀਤ ਚੁਕੇ ਜੀਵਨ ਵਿਚ ਭੀ ਪ੍ਰਭੂ ਨੇ ਆਨੰਦ ਬਣਾਈ ਰੱਖਿਆ ਜਿਸ ਮਨੁੱਖ ਵਾਸਤੇ ਪਰਮੇਸਰ ਨੇ ਇਹੋ ਜਿਹੀ ਵਿਉਂਤ ਬਣਾ ਰੱਖੀ, ਉਹ ਮਨੁੱਖ (ਲੋਕ ਪਰਲੋਕ ਵਿਚ) ਕਿਤੇ ਭੀ ਡੋਲਦਾ ਨਹੀਂ।੧।*

*ਹੇ ਭਾਈ ! ਜਿਸ ਮਨੁੱਖ ਦਾ ਮਨ ਸਦਾ ਕਾਇਮ ਰਹਿਣ ਵਾਲੇ ਮਾਲਕ (ਦੇ ਨਾਮ) ਨਾਲ ਪਤੀਜ ਜਾਂਦਾ ਹੈ, ਉਹ ਮਨੁੱਖ ਉਸ ਮਾਲਕ-ਪ੍ਰਭੂ ਨੂੰ ਸਭ ਵਿਚ ਇਕ ਰਸ ਵੱਸਦਾ ਪਛਾਣ ਲੈਂਦਾ ਹੈ ।੧।ਰਹਾਉ।*

*ਹੇ ਦਇਆ ਦੇ ਘਰ ਪ੍ਰਭੂ ! ਸਾਰੇ ਜੀਵ ਤੇਰੇ ਪੈਦਾ ਕੀਤੇ ਹੋਏ ਹਨ, ਤੂੰ ਆਪਣੇ ਭਗਤਾਂ ਦੀ ਰਖਵਾਲੀ ਆਪ ਹੀ ਕਰਦਾ ਹੈਂ। ਹੇ ਪ੍ਰਭੂ ! ਤੂੰ ਅਸਚਰਜ-ਸਰੂਪ ਹੈਂ। ਤੇਰੀ ਬਖਸ਼ਸ਼ ਭੀ ਹੈਰਾਨ ਕਰ ਦੇਣ ਵਾਲੀ ਹੈ। ਹੇ ਨਾਨਕ ! (ਆਖ-ਜਿਸ ਮਨੁੱਖ ਉਤੇ ਪ੍ਰਭੂ ਬਖਸ਼ਸ਼ ਕਰਦਾ ਹੈ, ਉਹ) ਸਦਾ ਉਸ ਦਾ ਨਾਮ ਸਿਮਰਦਾ ਰਹਿੰਦਾ ਹੈ। ੨।੨੩॥੮੭॥*

ਦਾਸ

ਵਾਹਿਗੁਰੂ ਸਾਨੂੰ ਸੁਮੱਤ ਬਖਸ਼ੇ



# ਭਗਤ ਰਵਿਦਾਸ ਜੀ ਦੀ ਬਾਣੀ ਅਤੇ ਸੰਗੀਤ

**ਡਾ. ਜਾਗੀਰ ਸਿੰਘ ***

ਭਗਤ ਰਵਿਦਾਸ ਜੀ ਦੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ 16 ਰਾਗਾਂ ਵਿੱਚ ਦਰਜ ਹੋਈ ਹੈ। ਇਹ ਮੁਖ ਰਾਗ ਹਨ : ਸਿਰੀ, ਗਉੜੀ, ਆਸਾ, ਗੁਜਰੀ, ਸੋਰਠਿ, ਧਨਾਸਰੀ, ਜੈਤਸਿਰੀ, ਸੂਹੀ, ਬਿਲਾਵਲ, ਗੌਂਡ, ਰਾਮਕਲੀ, ਮਾਰੂ, ਕੇਦਾਰਾਂ, ਭੈਰਉ, ਬਸੰਤ, ਮਲਾਰ। ਇਹਨਾਂ ਤੋਂ ਬਿਨ੍ਹਾਂ ਗਉੜੀ ਬੈਰਾਗਣੁ, ਗਉੜੀ ਪੂਰਬੀ।

ਉਹਨਾਂ ਦੀ ਬਾਣੀ ਵਿੱਚ ਜਿੱਥੇ ਰਾਗ ਸਿਰਲੇਖ ਰਾਹੀਂ ਬਾਣੀ ਨੂੰ ਸੰਗੀਤ ਨਾਲ ਸੰਬੰਧਤ ਕੀਤਾ ਗਿਆ ਹੈ ਉਥੇ ਇਸ ਬਾਣੀ ਦਾ ਅੰਦਰੂਨੀ ਸਰੂਪ ਵੀ ਸੰਗੀਤ ਤੱਤਾਂ ਨਾਲ ਭਰਪੂਰ ਹੈ। ਇਹਨਾਂ ਤੱਤਾਂ ਨੂੰ ਕਾਵਿ ਰੂਪ ਤੇ ਸ਼ਬਦਾਵਲੀ ਦੇ ਅਧਿਐਨ ਰਾਹੀਂ ਉਜਾਗਰ ਕੀਤਾ ਜਾ ਸਕਦਾ ਹੈ।

**ਕਾਵਿ ਰੂਪ ਅਤੇ ਸੰਗੀਤ :-** ਕਾਵਿ ਰੂਪ ਅਤੇ ਸੰਗੀਤ ਦਾ ਬੜਾ ਡੂੰਘਾ ਸੰਬੰਧ ਹੈ। ਕਿਸੇ ਰਚਨਾ ਦਾ ਕਾਵਿ ਰੂਪ ਉਸਦੀ ਅੰਦਰੂਨੀ ਵਸਤ ਜਾਂ ਭਾਵ ਅਨੁਸਾਰ ਸਿਰਜਿਆ ਜਾਂਦਾ ਹੈ ਅਤੇ ਉਸ ਨੂੰ ਪੇਸ਼ ਕਰਨ ਸਮੇਂ ਉਸ ਦੇ ਕਾਵਿ ਰੂਪ ਅਨੁਸਾਰ ਹੀ ਸੰਗੀਤ ਨਾਲ ਸੰਬੰਧਤ ਕੀਤਾ ਜਾਂਦਾ ਹੈ। ਭਗਤ ਰਵਿਦਾਸ ਜੀ ਨੇ ਪਦ ਕਾਵਿ ਰੂਪ ਦਾ ਪ੍ਰਯੋਗ ਕੀਤਾ ਹੈ।

ਇਹ ਕਾਵਿ ਰੂਪ ਸਾਹਿਤ ਵਿੱਚ ਬਾਕੀ ਕਾਵਿ ਰੂਪਾਂ ਤੋਂ ਵਧੇਰੇ ਪ੍ਰਯੋਗ ਹੋਇਆ ਹੈ। ਇਸ ਦਾ ਵੱਡਾ ਕਾਰਨ ਹੈ ਕਿ ਇਸ ਕਾਵਿ ਰੂਪ ਵਿੱਚ ਕੋਈ ਕਰੜਾ ਬੰਧੇਜ ਨਾ ਹੋਣ ਕਰਕੇ ਕਲਪਨਾ ਦੀਆਂ ਉਡਾਰੀਆਂ ਖੁਲ੍ਹੀਆਂ ਲਾਈਆਂ ਜਾ ਸਕਦੀਆਂ ਹਨ। ਇਸ ਵਿੱਚ ਤੋਲ ਤੁਕਾਂਤ ਦੀ ਵੰਨਗੀ ਹੈ। ਛੰਦ ਅਤੇ ਧੁਨਾਂ ਲੋਕ ਗੀਤਾਂ ਵਾਲੀਆਂ ਵਰਤੀਆਂ ਜਾਂਦੀਆਂ ਹਨ। ਇਸ ਕਾਵਿ ਰੂਪ ਦੇ ਸਰੋਦੀ ਅੰਸ਼ ਅਤੇ ਗਾਇਨ ਦੀ ਆਸਾਨੀ ਨੂੰ ਮੁੱਖ ਰੱਖਦਿਆਂ ਕਈ ਵਿਦਵਾਨਾਂ ਨੇ ਇਸ ਨੂੰ ਗੀਤ ਕਾਵਿ ਨਾਲ ਸੰਬੰਧਤ ਕੀਤਾ ਹੈ। ਗੀਤ ਬਾਰੇ ਕਿਹਾ ਜਾਂਦਾ ਹੈ ਕਿ ਅਜਿਹੀ ਕਵਿਤਾ ਜੋ ਲੋੜ ਪੈਣ ਤੇ ਕਿਸੇ ਖਾਸ ਤਾਲ ਜਾਂ ਕਿਸੇ ਖਾਸ ਰਾਗ ਜਾਂ ਧੁਨ ਵਿੱਚ ਗਾਈ ਜਾ ਸਕੇ ਉਸ ਨੂੰ ਗੀਤ ਕਿਹਾ ਜਾਂਦਾ ਹੈ।

ਇਸ ਤਰ੍ਹਾਂ ਪਦ ਕਾਵਿ ਰੂਪ ਦਾ ਸੰਗੀਤ ਨਾਲ ਵਿਸ਼ੇਸ਼ ਸੰਬੰਧ ਹੈ। ਪਦਿਆਂ ਦੇ ਰੂਪ ਤੋਂ ਵੀ ਇਹਨਾਂ ਦੇ ਗਾਇਨ ਕਰਨ ਦੇ ਸਪਸ਼ਟ ਸੰਕੇਤ ਮਿਲਦੇ ਹਨ। ਲਗਪਗ ਹਰ ਪਦੇ ਵਿੱਚ ਸਥਾਈ ਦੀ ਤੁਕ ਆਉਂਦੀ ਹੈ ਜਿਸ ਨੂੰ 'ਰਹਾਉ' ਕਿਹਾ ਜਾਂਦਾ ਹੈ।

ਭਾਈ ਕਾਹਨ ਸਿੰਘ ਨਾਭਾ ਅਨੁਸਾਰ 'ਰਹਾਉ' ਦੇ ਅਰਥ ਹਨ, ਟੇਕ, ਸਥਾਈ, ਉਹ ਪਦ ਜੋ ਗਾਉਣ ਵੇਲੇ ਵਾਰ ਵਾਰ ਅੰਤਰੇ ਪਿਛੋਂ ਵਰਤਿਆ ਜਾਵੇ। ਰਹਾਉ ਦੀ ਗਿਣਤੀ ਬਾਕੀ ਤੁਕਾਂ ਨਾਲ ਨਹੀਂ ਕੀਤੀ ਜਾਂਦੀ। ਉਦਾਹਰਣ ਵਜੋਂ ਇਸ ਪੱਖ ਤੋਂ ਹੇਠ ਲਿਖੇ ਪਦੇ ਦਾ ਅਧਿਐਨ ਕਰਦੇ ਹਾਂ -

*ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ॥*
*ਕਨਕ ਕਟਿਕ ਜਲ ਤਰੰਗ ਜੈਸਾ ॥*
*ਜਉਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ॥*
*ਪਤਿਤ ਪਾਵਨ ਨਾਮੁ ਕੈਸੇ ਹੁੰਤਾ।ਰਹਾਉ॥*
*ਤੁਮ ਜੁ ਨਾਇਕ ਆਛਹੁ ਅੰਤਰਜਾਮੀ ॥*
*ਪ੍ਰਭ ਤੇ ਜਨ ਜਾਨੀਜੈ ਜਨ ਤੇ ਸੁਆਮੀ ॥੨॥*
*ਸਰੀਰ ਅਰਾਧੈ ਮੋ ਕਉ ਬੀਚਾਰੁ ਦੇਹੂ ॥*
*ਰਵਿਦਾਸ ਸਮਦਲ ਸਮਝਾਵੈ ਕੋਊ॥੩॥* (ਪੰਨਾ ੯੩)

ਇਹ ਪਦਾ ਤਿਪਦਾ ਹੈ। ਭਾਵ ਇਸ ਦੇ ਤਿੰਨ ਬੰਦ ਹਨ ਅਤੇ ਇੱਕ ਬੰਦ 'ਰਹਾਉ' ਦਾ ਆਇਆ ਹੈ ਪਰ ਇਸ ਪਦੇ ਦੇ ਅੰਤ ਵਿੱਚ ਬੰਦਾਂ ਦੀ ਗਿਣਤੀ ਦਾ ਸੰਕੇਤ '੩' ਹੀ ਦਿੱਤਾ ਗਿਆ ਹੈ।

'ਰਹਾਉ' ਦਾ ਪਦ ਆਉਣ ਕਰਕੇ ਵਿਦਵਾਨਾਂ ਨੇ ਇਹਨਾਂ ਪਦਿਆਂ ਨੂੰ 'ਧਰੁਪਦ' ਗਾਇਨ ਸ਼ੈਲੀ ਦੇ ਅੰਤਰਗਤ ਰੱਖਿਆ ਹੈ। ਡਾ. ਨਜ਼ੀਰ ਮੁਹੰਮਦ ਭਗਤ ਕਬੀਰ ਦੇ ਪਦਿਆਂ ਦਾ ਵਿਸ਼ਲੇਸ਼ਣ ਕਰਦਿਆਂ ਦੱਸਦੇ ਹਨ ਕਿ 'ਰਹਾਉ' ਦਾ ਅਰਥ 'ਧਰੁਵ' ਹੈ। ਇਸ ਤਰ੍ਹਾਂ ਇਹਨਾਂ ਨੂੰ ਧਰੁਪਦ ਵੀ ਕਿਹਾ ਜਾ ਸਕਦਾ ਹੈ। ਭਾਰਤੀ ਸੰਗੀਤ ਕੋਸ਼ ਵਿੱਚ ਧਰੁਪੱਦ ਬਾਰੇ ਲਿਖਿਆ ਹੈ, "ਧਰੁਵ ਦਾ ਅਰਥ ਹੈ ਅਚੱਲ ਜਾਂ ਦੇਰ ਤੱਕ ਰਹਿਣ ਵਾਲਾ। ਇਹਨਾਂ ਅਰਥਾਂ ਅਨੁਸਾਰ ਕੇਵਲ ਈਸ਼ਵਰ ਹੀ ਧਰੁਵ ਹੈ ਅਤੇ ਉਸ ਦੇ ਗੁਣ ਵਾਲੇ ਪਦਿਆਂ ਨੂੰ ਧਰੁਪਦ ਕਿਹਾ ਜਾਂਦਾ ਹੈ। ਇਸ ਤਰ੍ਹਾਂ ਭਗਤ ਰਵਿਦਾਸ ਜੀ ਦਾ ਪਦ ਕਾਵਿ ਰੂਪ ਧਰੁਪਦ ਗਾਇਨ ਸ਼ੈਲੀ ਦੇ ਅੰਤਰਗਤ ਰੱਖਿਆ ਜਾ ਸਕਦਾ ਹੈ। ਧਰੁਪਦ ਗਾਇਨ ਸ਼ੈਲੀ ਦਾ ਵਰਨਣ ਕਰਦਿਆਂ ਅਚਾਰੀਆ ਭਾਤਖੰਡੇ ਲਿਖਦੇ ਹਨ, "ਧਰੁਪਦ ਦੇ ਆਮ ਤੌਰ ਤੇ ਚਾਰ ਭਾਗ ਹੁੰਦੇ ਹਨ ਜਿਹਨਾਂ ਨੂੰ ਗਾਇਕ ਤੁਕ ਕਹਿੰਦੇ ਹਨ। ਉਹਨਾਂ ਭਾਗਾਂ ਦੇ ਨਾਮ ਸਥਾਈ ਅੰਤਰਾ, ਸੰਚਾਰੀ ਤੇ ਆਭੋਗ ਹਨ। ਇਹਨਾਂ ਭਾਗਾਂ ਵਿੱਚ ਕਿੰਨੇ ਬੰਦ ਰੱਖੇ ਜਾਣ ਇਹ ਗਾਇਕ ਦੀ ਇੱਛਾ ਤੇ ਨਿਰਭਰ ਕਰਦਾ ਹੈ। ਇਸ ਤਰ੍ਹਾਂ ਭਗਤ ਰਵਿਦਾਸ ਜੀ ਦੇ ਪਦਿਆਂ ਨੂੰ ਵੀ ਧਰੁਪਦ ਗਾਇਨ ਸ਼ੈਲੀ ਅਨੁਸਾਰ ਗਾਇਆ ਜਾ ਸਕਦਾ ਹੈ।

ਇਸ ਗਾਇਨ ਸ਼ੈਲੀ ਵਿੱਚ ਜਿਵੇਂ ਕਿ ਪਹਿਲਾਂ ਦੱਸਿਆ

* 422, ਸੈਕਟਰ 15-ਏ, ਚੰਡੀਗੜ੍ਹ

ਜਾ ਚੁੱਕਾ ਹੈ ਕਿ ਰਹਾਉ ਦੀ ਤੁਕ ਦੀ ਮਹੱਤਤਾ ਹੁੰਦੀ ਹੈ। ਹਰ ਬੰਦ ਦੇ ਗਾਇਨ ਤੋਂ ਬਾਦ 'ਰਹਾਉ' ਦੀ ਤੁਕ ਦੁਹਰਾਈ ਜਾਂਦੀ ਹੈ ਇੰਜ ਰਹਾਉ ਦੀ ਤੁੱਕ ਵਿੱਚ ਦਿੱਤਾ ਕੇਂਦਰੀ ਭਾਵ ਸਰੋਤੇ ਦੇ ਮੰਨ ਵਿੱਚ ਦ੍ਰਿੜ ਹੁੰਦਾ ਹੈ ਅਤੇ ਗਾਇਨ ਵਿੱਚ ਬੜੀ ਸਰਸਤਾ ਆ ਜਾਂਦੀ ਹੈ। ਪਿਛੇ ਦੱਸੇ ਪਦੇ ਦਾ ਗਾਉਣ ਵੇਲੇ ਸਰੂਪ ਹੇਠ ਲਿਖਿਆ ਹੋ ਜਾਵੇਗਾ :-

ਸਥਾਈ — ਜਊਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ
ਪਤਿਤ ਪਾਵਨ ਨਾਮੁ ਕੈਸੇ ਹੁੰਤਾ ।

ਅੰਤਰਾ — ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ।
ਕਨਕ ਕਟਿਕ ਜਲ ਤਰੰਗ ਜੈਸਾ ।

ਸਥਾਈ — ਜਊਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ।
ਪਤਿਤ ਪਾਵਨ ਨਾਮੁ ਕੈਸੇ ਹੁੰਤਾ ।

ਅੰਤਰਾ — ਤੁਮ ਜੁ ਨਾਇਕ ਆਛਹੁ ਅੰਤਰਜਾਮੀ ।
ਪ੍ਰਭੂ ਤੇ ਜਨ ਜਾਨੀਜੇ ਜਨ ਤੇ ਸੁਆਮੀ ।

ਸਥਾਈ — ਜਊਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ
ਪਤਿਤ ਪਾਵਨ ਨਾਮੁ ਕੈਸੇ ਹੁੰਤਾ ।

ਅੰਤਰਾ — ਸਰੀਰ ਅਰਾਧੈ ਮੋ ਕਉ ਬੀਚਾਰੁ ਦੇਹੂ ।
ਰਵਿਦਾਸ ਸਮਦਲ ਸਮਝਾਵੈ ਕੋਊ ।

ਸਥਾਈ — ਜਉ ਪੈ ਹਮ ਨ ਪਾਪ ਕਰੰਤਾ ਅਹੇ ਅਨੰਤਾ ।
ਪਤਿਤ ਪਾਵਨ ਨਾਮ ਕੈਸੇ ਹੁੰਤਾ ।

ਭਗਤ ਰਵਿਦਾਸ ਜੀ ਦੇ ਪਦਿਆਂ ਵਿੱਚ ਪ੍ਰਯੁਕਤ 'ਰਹਾਉ' ਦੀਆਂ ਤੁਕਾਂ 'ਚੋਂ ਇਹ ਹੋਰ ਵੀ ਸਪਸ਼ਟ ਹੋ ਜਾਂਦਾ ਹੈ ਕਿ ਉਹਨਾਂ ਦੀ ਬਾਣੀ ਸਰੋਤਾ ਮੁੱਖ ਹੈ ਅਤੇ ਇਸ ਦਾ ਸਰੋਤਿਆਂ ਵਿੱਚ ਗਾਇਨ ਜ਼ਰੂਰੀ ਹੈ। ਇਹਨਾਂ ਰਹਾਉ ਦੀਆਂ ਤੁਕਾਂ ਵਿਚ ਸੰਬੋਧਨੀ ਸ਼ਬਦਾਂ ਦਾ ਪ੍ਰਯੋਗ ਆਮ ਹੋਇਆ ਹੈ :-

ਅਬ ਮੋਹਿ ਖੂਬ ਵਤਨ ਗਹ ਪਾਈ ।
ਊਹਾਂ ਖੈਰਿ ਸਦਾ ਮੇਰੇ ਭਾਈ ।(ਪੰਨ 345)

ਕੋ ਬਨਜਾਰੋ ਰਾਮ ਕੋ ।
ਮੇਰਾ ਟਾਂਡਾ ਲਾਦਿਆ ਜਾਇ ਰੇ ।(ਪੰਨ 345)

ਮਾਈ ਗੋਬਿੰਦ ਪੂਜਾ ਕਹਾ ਲੈ ਚਰਾਵਉ।
ਅਵਰ ਫੂਲ ਅਨੂਪ ਨ ਪਾਵਉ।

ਪ੍ਰਾਨੀ ਕਿਆ ਮੇਰਾ ਕਿਆ ਤੇਰਾ ।
ਜੈਸੇ ਤਰਵਰ ਪੰਖਿ ਬਸੇਰਾ ।

ਕਿਆ ਤੂ ਸੋਇਆ ਜਾਗ ਇਆਨਾ।
ਤੈ ਜੀਵਨੁ ਜਗਿ ਸਚੁ ਕਰ ਜਾਨਾ।

ਤੂ ਕਾਂਇ ਗਰਬਹਿ ਬਾਵਲੀ ।
ਜੈਸੇ ਭਾਦਉ ਖੂਬਰਾਜ
ਤੂ ਤਿਸ ਤੇ ਖਰੀ ਉਤਾਵਲੀ।

ਨਾਗਰਜਨਾ ਮੇਰੀ ਜਾਤਿ ਬਿਖਿਆਤ ਚੰਮਾਰੀ।

**ਸ਼ਬਦਾਵਲੀ ਤੇ ਸੰਗੀਤ** – ਭਗਤ ਰਵਿਦਾਸ ਜੀ ਦੇ ਪਦਿਆਂ ਵਿੱਚ ਸ਼ਬਦਾਂ ਦੀ ਖਾਸ ਤਰਤੀਬ ਅਤੇ ਦੁਹਰਾਉ ਨਾਲ ਵੀ ਸੰਗੀਤ ਪੈਦਾ ਹੁੰਦਾ ਹੈ। ਸ਼ਬਦਾਵਲੀ ਅਤੇ ਸੰਗੀਤ ਦੇ ਸੰਬੰਧ ਵਿੱਚ ਆਈਫਰ ਈਵਾਨ ਦਾ ਵਿਚਾਰ ਵਰਨਣਯੋਗ ਹੈ। ਉਸ ਅਨੁਸਾਰ ਸ਼ਬਦਾਂ ਦੇ ਦੁਹਰਾਉ ਤੋਂ ਵੀ ਅਨੰਦ ਆਉਂਦਾ ਹੈ। ਇਸ ਅਨੰਦ ਦਾ ਕੁੱਝ ਹਿੱਸਾ ਇਹਨਾਂ ਦੀ ਕਲਾਤਮਕ ਤਰਤੀਬ ਨਾਲ ਪੈਦਾ ਹੁੰਦਾ ਹੈ । ਸ਼ਬਦਾਂ ਨੂੰ ਇੰਝ ਤਰਤੀਬ ਦਿੱਤੀ ਜਾਂਦੀ ਹੈ ਜਿਸ ਨਾਲ ਉਹਨਾਂ ਦੀ ਆਵਾਜ਼ ਅਨੰਦ ਦਿੰਦੀ ਹੈ। ਸ਼ਬਦਾਂ ਦੇ ਪੈਟਰਨ ਨਾਲ ਦਿੱਤੇ ਤਾਲਮਈ ਦਬਾਅ ਤੋਂ ਵੀ ਸੰਗੀਤ ਵਰਗਾ ਰਸ ਅਨੁਭਵ ਕੀਤਾ ਜਾ ਸਕਦਾ ਹੈ। ਡਾ. ਹਜਾਰੀ ਪ੍ਰਸਾਦ ਦਿਵੇਦੀ ਕਵਿਤਾ ਵਿੱਚ ਸ਼ਬਦਾਵਲੀ ਦੀ ਮਹੱਤਤਾ ਬਾਰੇ ਦੱਸਦੇ ਹਨ ਕਿ ਗਾਇਨ ਵਿੱਚ ਜੋ ਸਥਾਨ ਸੁਰ ਨੂੰ ਪ੍ਰਾਪਤ ਹੈ ਕਾਵਿ ਵਿੱਚ ਉਹੀ ਸਥਾਨ ਛਣਕਾਰ ਨੂੰ ਹਾਸਿਲ ਹੈ, ਪਦ ਦੇ ਨੀਯਤ ਬੰਦਾਂ ਨੂੰ ਵਾਰ ਵਾਰ ਦੁਹਰਾਉਣ ਨਾਲ ਪਦ ਅਤੇ ਵਾਕ ਵਿੱਚ ਇੱਕ ਤਰ੍ਹਾਂ ਦੀ ਖਾਸ ਛਣਕਾਰ ਪੈਦਾ ਹੁੰਦੀ ਹੈ, ਜੋ ਸਰੋਤੇ ਦੇ ਭਾਵਕ ਆਵੇਗਾਂ ਨੂੰ ਵਧੇਰੇ ਗਤੀਸ਼ੀਲ ਬਣਾਉਂਦੀ ਹੈ ਅਤੇ ਸ਼ਬਦ ਤੇ ਅਰਥ ਤੋਂ ਅਤੀਤ ਤੱਤ ਨੂੰ ਸਹਿਜੇ ਹੀ ਸਰੋਤੇ ਦੇ ਮਨ ਵਿੱਚ ਵਸਾ ਦਿੰਦੀ ਹੈ।

ਸ਼ਬਦਾਂ ਰਾਹੀਂ ਪੈਦਾ ਹੁੰਦੇ ਸੰਗੀਤ ਦੇ ਸੰਬੰਧ ਬਾਰੇ ਚਰਚਾ ਕਰਦਿਆਂ ਪ੍ਰਸਿੱਧ ਅੰਗਰੇਜ਼ੀ ਕਵੀ ਤੇ ਅਲੋਚਕ ਟੀ.ਐਸ. ਈਲੀਅਟ ਦਸਦਾ ਹੈ ਕਿ ਸ਼ਬਦ ਦਾ ਸੰਗੀਤ ਸ਼ਬਦ ਦੇ ਪ੍ਰਯੁਕਤ ਰੂਪ ਵਿੱਚ ਬਾਕੀ ਸ਼ਬਦਾਂ ਨਾਲ ਆਪਸੀ ਰਿਸ਼ਤੇ ਅਤੇ ਸੰਦਰਭ ਤੇ ਆਧਾਰਤ ਹੁੰਦਾ ਹੈ।

ਇਹ ਸੰਗੀਤ ਸ਼ਬਦਾਂ ਦੇ ਦੁਹਰਾਓ ਨਾਲ ਹੀ ਨਹੀਂ ਸਗੋਂ ਕਈ ਵਾਰ ਵਾਕ ਅੰਸ਼ਾਂ ਦੇ ਦੁਹਰਾਓ ਨਾਲ ਵੀ ਪੈਦਾ ਹੁੰਦਾ ਹੈ। ਭਗਤ ਰਵਿਦਾਸ ਜੀ ਦੇ ਪਦਿਆਂ ਵਿੱਚ ਇਹ ਜੁਗਤ ਕਈ ਤਰ੍ਹਾਂ ਨਾਲ ਪ੍ਰਯੋਗ ਕੀਤੀ ਗਈ ਹੈ।

ਸਮਤੁਕਾਂਤਕ ਸ਼ਬਦਾਂ ਦਾ ਦੁਹਰਾਉ :-

ਉਹਨਾਂ ਸ਼ਬਦਾਂ ਦੇ ਪ੍ਰਯੋਗ ਨਾਲ ਜਿਹਨਾਂ ਦੇ ਅੰਤ ਦੀ ਧੁਨੀ ਮਿਲਦੀ ਹੋਵੇ ਨਾਲ ਸੰਗੀਤ ਪੈਦਾ ਹੋਇਆ ਹੈ ਜਿਵੇਂ :-

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ।
ਕਨਕ ਕਟਿਕ ਕਾਲ ਤਰੰਗ ਜੈਸਾ ।
ਮੇਰੀ ਸੰਗਤ ਪੋਚ ਸੋਚ ਦਿਨ ਰਾਤੀ।
ਕਾਇਮੁ ਦਾਇਮੁ ਸਦਾ ਪਾਤਸਾਹੀ ।

ਦੋਮ ਨ ਸੇਮ ਏਕ ਸੋ ਆਹੀ ।

ਮੈ ਰਾਮ ਨਾਮ ਧਨੁ ਲਾਦਿਆ ਬਿਖੁ ਲਾਦੀ ਸੰਸਾਰ

ਉਰਵਾਰ ਪਾਰ ਕੇ ਦਾਨੀਆ ਲਿਖਿ ਲੇਹੁ ਆਲ ਪਤਾਲ ।

ਕੂਪ ਭਰਿਓ ਜੈਸੇ ਦਾਦਰਾ ਕਛੁ ਦੇਸ ਬਦੇਸ ਨਾ ਬੂਝ।

ਕਰਮ ਅਕਰਮ ਬੀਚਾਰੀਆ ਸੰਕਾ ਸੁਨਿ ਬੇਦ ਪੁਰਾਨ।

ਬਾਹਰੁ ਉਦਕ ਪਖਾਰੀਐ ਘਟ ਭੀਤਰਿ ਬਿਬਿਧ ਬਿਕਾਰ ।

ਭਗਤਿ ਜੁਗਤਿ ਮਤਿ ਸਤਿ ਕਰੀ ਭ੍ਰਮ ਬੰਧਨ ਕਾਟਿ ਬਿਕਾਰ।

ਸੋਈ ਬਸਿ ਰਸਿ ਮਨ ਮਿਲੈ ਗੁਨ ਨਿਰਗੁਨ ਏਕ ਬਿਚਾਰ।

ਪ੍ਰੇਮ ਭਗਤਿ ਨਹੀਂ ਉਪਜੈ ਤਾਂ ਤੇ ਰਵਿਦਾਸ ਉਦਾਸ।

ਮ੍ਰਿਗ ਮੀਨ ਭ੍ਰਿੰਗ ਪਤੰਗ ਕੁੰਚਰ ਏਕ ਦਖ ਬਿਨਾਸ ।

ਰਵਿਦਾਸ ਦਾਸ ਉਦਾਸ ਤਜ ਭ੍ਰਮ ਤਪਨ ਤਪੁ ਗੁਰ ਗਿਆਨ।

ਨੀਚ ਰੂਖ ਤੇ ਊਚ ਭਏ ਗੰਧ ਸੁਗੰਧ ਨਿਵਾਸਾ।

ਭਗਤ ਜੀ ਦੀ ਬਾਣੀ ਵਿਚ ਜਿਥੇ ਸਮਾਂ ਅਤੇ ਖਾਸ ਪਦਾਂ ਦੇ ਦੁਹਰਾਉ ਨਾਲ ਸੰਗੀਤ ਪੈਦਾ ਹੁੰਦਾ ਹੈ ਉਥੇ ਕੁਝ ਖਾਸ ਸ਼ਬਦਾਂ ਦੀਆਂ ਧੁਨੀਆਂ ਦੇ ਦੁਹਰਾਉ ਨਾਲ ਵੀ ਸੰਗੀਤ ਪੈਦਾ ਹੁੰਦਾ ਹੈ।

ਤੋਹੀ ਮੋਹੀ ਮੋਹੀ ਤੋਹੀ ਅੰਤਰ ਕੈਸਾ ।

ਕਨਕ ਕਟਿਕ ਜਲ ਤਰੰਗ ਜੈਸਾ ।

ਪ੍ਰਭੁ ਤੇ ਜਨ ਜਾਨੀਜੈ ਜਨ ਤੇ ਸੁਆਮੀ

ਮਲਿਨ ਭਾਈ ਮਤਿ ਮਾਧਵਾ।

ਦੁਖੀ ਦੁਹਾਗਨਿ ਦੁਇ ਪਖ ਹੀਨ ।

ਦੁਖੀਆ ਦਰਦੰਦ ਦਰਿ ਆਇਆ।

ਉਹ ਤਉ ਭੂਤੁ ਭੂਤੁ ਕਰਿ ਭਾਗੀ।

ਜੋਈ ਜੋਈ ਜੋਰਿਓ ਸੋਈ ਸੋਈ ਫਾਟਿਓ।

ਏਕਿ ਹੀ ਏਕ ਅਨੇਕ ਹੋਇ ਬਿਸਥਾਰਿਓ।

ਨਾਮ ਕੀ ਨਾਮਨਾ ਸਪਤ ਦੀਪਾ।

ਕਿਤੇ ਕਿਤੇ ਇੱਕ ਹੀ ਸ਼ਬਦ ਦੇ ਦੁਹਰਾਉ ਨਾਲ ਵੀ ਸੰਗੀਤ ਪੈਦਾ ਹੁੰਦਾ ਹੈ ਜਿਵੇਂ :-

ਹਰਿ ਹਰਿ ਹਰਿ ਨ ਜਪਹਿ ਰਸਨਾ ।

ਜਹ ਜਹ ਜਾਓ ਤਹਾ ਤੇਰੀ ਸੇਵਾ ।

ਪ੍ਰਾਨੀ ਕਿਆ ਮੇਰਾ ਕਿਆ ਤੇਰਾ ।

ਲੋਗ ਗੈਠਿ ਗੈਠਿ ਖਰਾ ਬਿਗੂਚਾ ।

ਹਉ ਬਲਿ ਬਲਿ ਜਾਉ ਰਮਈਆ ਕਾਰਨੇ ਕਾਰਨ ਕਵਨ ਅਬੋਲ।

ਪਲੁ ਪਲੁ ਹਰਿ ਜੀ ਤੇ ਅੰਤਰ ਪਾਰਿਓ।।

ਉਹ ਤਉ ਭੂਤ ਭੂਤ ਕਰਿ ਭਾਗੀ।

ਮੁਕੰਦ ਮੁਕੰਦ ਜਪਹੁ ਸੰਸਾਰ।

ਏਕ ਹੀ ਏਕ ਅਨੇਕ ਹੋਇ ਬਿਸਥਾਰਿਓ।

ਆਨਰੇ ਆਨ ਭਰਪੂਰਿ ਸੋਇ ਸੋਉ

ਜੋਈ ਜੋਈ ਜੋਰਿਓ ਸੋਈ ਫਾਟਿਓ।

ਕਿਤੇ ਕਿਤੇ ਵਾਕੰਸ਼ ਦੀ ਦੁਹਰਾਈ ਨਾਲ ਸੰਗੀਤ ਪੈਦਾ ਹੋਇਆ ਹੈ :-

ਜਉ ਤੁਮ ਗਿਰਿਵਰ ਤਉ ਹਮ ਮੋਰਾ।

ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ

ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ।

ਤੁਮ ਸਿਉ ਜੋਰਿ ਅਵਰ ਸੰਗ ਤੋਰੀ।

ਨਾਮ ਤੇਰੋ ਆਸਨੋ ਨਾਮ ਤੇਰੋ ਉਰਸਾ,

ਨਾਮ ਤੇਰਾ ਕੇਸਰੋ ਲੈ ਛਿਟਕਾਰੇ।

ਨਾਮ ਤੇਰਾ ਅੰਭਲਾ ਨਾਮ ਤੇਰੋ ਚੰਦਨੋ,

ਘਸਿ ਜਪੇ ਨਾਮੁ ਲੈ ਤੁਝਹਿ ਕਉ ਚਾਰੇ।

ਕਈ ਸਥੱਲਾਂ ਤੇ ਬਹੁ ਤੁਕਾਤਾਂ ਨਾਲ ਵੀ ਸੰਗੀਤ ਪੈਦਾ ਹੁੰਦਾ ਹੈ:-

ਮੇਰੀ ਜਾਤ ਕਮੀਨੀ ਪਾਤ ਕਮੀਨੀ ਓਛਾ ਜਨਮ ਹਮਾਰਾ

ਮਨ ਸੁ ਮਧੁਕਰ ਕਰਉ ਚਰਨ ਹਿਰਦੈ ਧਰਉ ਰਸਨ ਅੰਮ੍ਰਿਤ ਰਮ ਨਾਮ ਭਾਖਉ

ਧੰਨਿ ਸੁ ਗਾਉ ਧੰਨਿ ਸੁ ਠਾਉ ਧੰਨਿ ਪੁਨੀਤ ਕੁਟੰਬ ਸਭ ਲੋਇ।

ਪੜੀਏ ਗੁਨੀਐ ਨਾਮ ਸਭ ਸੁਨੀਐ ਅਨਭਉ ਭਾਉ ਨ ਦਰਸੈ।

ਇਸ ਤਰ੍ਹਾਂ ਭਗਤ ਰਵਿਦਾਸ ਜੀ ਦੀ ਬਾਣੀ ਸੰਗੀਤ ਤੱਤਾਂ ਨਾਲ ਭਰਪੂਰ ਹੈ। ਇਸ ਦਾ ਮਰਮ ਜਾਣਨ ਅਤੇ ਆਨੰਦ ਮਾਣਨ ਲਈ ਇਸ ਦਾ ਸੰਗੀਤ ਉਚਾਰ ਲਾਜ਼ਮੀ ਹੈ। ■


**ਆਪਣੇ ਸਨੇਹੀ ਨੂੰ ਅੰਮ੍ਰਿਤ ਕੀਰਤਨ ਤੋਹਫੇ ਵਜੋਂ ਭੇਟ ਕਰੋ !**

ਤੁਸੀਂ ਆਪਣੇ ਸਨੇਹੀ ਨੂੰ ਤੋਹਫਾ ਦੇਣਾ ਚਾਹੁੰਦੇ ਹੋ ! ਹੋਰ ਵਸਤਾਂ ਭੁਲ-ਭੁਲਾ ਜਾਂਦੀਆਂ ਹਨ ਪਰ 'ਅੰਮ੍ਰਿਤ ਕੀਰਤਨ' ਹਰ ਮਹੀਨੇ ਤੁਹਾਡੇ ਸਨੇਹੀ ਕੋਲ ਪੁੱਜ ਕੇ ਤੁਹਾਡੀ ਯਾਦ ਤਾਜ਼ਾ ਕਰਾਏਗਾ। ਅੱਜ ਹੀ ਚੰਦਾ ਭੇਜ ਕੇ ਇਹ ਸੁੰਦਰ ਤੋਹਫਾ ਭੇਟ ਕਰੋ।

# ਸੰਗੀਤ ਇੱਕ ਅਥਾਹ ਸਮੁੰਦਰ ਹੈ – ਦਿਲਬਾਗ ਸਿੰਘ : ਇੱਕ ਮੁਲਾਕਾਤ

## ਮੁਲਾਕਾਤੀ – ਲਾਲ ਸਿੰਘ

ਪੰਜਾਬ 'ਚ ਨਹੀਂ ਹਿੰਦੁਸਤਾਨ ਭਰ ਵਿਚ ਜਦ ਕਲਾਸਿਕ ਸ਼ਬਦ ਗਾਇਨ ਦਾ ਜ਼ਿਕਰ ਛਿੜਦਾ ਹੈ ਤਾਂ ਭਾਈ ਦਿਲਬਾਗ ਸਿੰਘ, ਭਾਈ ਗੁਲਬਾਗ ਸਿੰਘ ਦੇ ਰਾਗੀ ਜੱਥੇ ਨੂੰ ਸਭ ਤੋਂ ਮੂਹਰਲੀ ਪਾਲ 'ਚ ਗਿਣਿਆ ਜਾਂਦਾ ਹੈ। ਭਾਈ ਸਾਹਿਬ ਦਾ ਖਾਨਦਾਨੀ ਵਿਰਸਾ, ਮੁਸਲਮਾਨੀ ਗਾਇਕੀ ਪਰਿਵਾਰ ਜਿਸ ਨੂੰ ਸਾਧਾਰਨ ਬੋਲਚਾਲ ਦੀ ਭਾਸ਼ਾ ਵਿਚ 'ਮਰਾਸੀ' ਕਿਹਾ ਜਾਂਦਾ ਹੈ ਨਾਲ ਸਬੰਧਤ ਹੈ। ਇਤਿਹਾਸਕ ਮਹੱਤਵ ਵਾਲੇ ਪਿੰਡ ਬੋਦਲਾਂ (ਗਰਨਾ ਸਾਹਿਬ), ਜਿਸ ਨੂੰ ਗੁਰੂ ਹਰਗੋਬਿੰਦ ਸਾਹਿਬ ਦੀ ਚਰਨ ਛੋਹ ਪ੍ਰਾਪਤ ਕਰਨ ਦਾ ਮਾਣ ਹੈ, ਨੂੰ ਭਾਈ ਦਿਲਬਾਗ ਸਿੰਘ ਗੁਲਬਾਗ ਸਿੰਘ ਦੀ ਕਲਾਸਕੀ ਗਾਇਕੀ ਨੇ ਦੂਨੀਆ ਭਰ ਵਿਚ ਰੋਸ਼ਨ ਕੀਤਾ। ਪੇਸ਼ ਹੈ ਭਾਈ ਦਿਲਬਾਗ ਸਿੰਘ ਨਾਲ ਕੀਤੀ ਬਾਤ-ਚੀਤ ਦਾ ਥੋੜ੍ਹਾ ਕੁ ਜਿਨਾ ਸਾਰ ।

*? ਭਾਈ ਸਾਹਿਬ ਜੀ ਸਭ ਤੋਂ ਪਹਿਲਾਂ ਤੁਸੀਂ ਆਪਣੇ ਬਚਪਨ ਬਾਰੇ ਜਾਣਕਾਰੀ ਦਿਓ। ?*

– ਸਾਡਾ ਜੱਦੀ ਪਿੰਡ ਬੋਦਲਾਂ ਹੀ ਹੈ, ਪਿਤਾ ਦਾ ਨਾਮ ਬੂਟਾ ਸਿੰਘ ਤੇ ਮਾਤਾ ਮੁਖਤਿਆਰ ਕੌਰ।

*? ਕਿੰਨੇ ਭੈਣ ਭਾਈ ਓ ਤੁਸੀਂ ?*

– ਅਸੀਂ ਛੇ ਭਾਈ ਹਾਂ, ਜਿੰਨ੍ਹਾ ਵਿਚੋਂ ਚਾਰ ਦਾ ਪੇਸ਼ਾ ਗਾਇਕੀ ਹੈ, ਕਲਾਸਕੀ ਗਾਇਕੀ ਦਿਲਬਾਗ ਸਿੰਘ ਗੁਲਬਾਗ ਸਿੰਘ, ਦਵਿੰਦਰ ਸਿੰਘ, ਇਕਬਾਲ ਸਿੰਘ।

*? ਤੁਸੀਂ ਗਾਇਕੀ ਦੀ ਮੁੱਢਲੀ ਸਿੱਖਿਆ ਕਿਥੋਂ ਪ੍ਰਾਪਤ ਕੀਤੀ ?*

– ਭਾਈ ਨੰਦ ਜੀ ਤੋਂ। ਸਾਡੇ ਨਾਨਾ ਜੀ ਸਨ ਭਾਈ ਨੰਦ ਜੀ, ਪਿੰਡ ਪਤਾਰਾ। ਮੈਂ 1958 'ਚ ਉਨ੍ਹਾਂ ਦਾ ਵਿਦਿਆਰਥੀ ਬਣਿਆ।

*? ਉਨ੍ਹਾਂ ਨੇ ਇਹ ਕਿਥੋਂ ਹਾਸਲ ਕੀਤੀ ?*

–ਪਟਿਆਲਾ ਘਰਾਣੇ ਦੇ ਉਸਤਾਦ ਆਸ਼ਿਕ ਅਲੀ ਤੋਂ। ਪਟਿਆਲਾ ਘਰਾਣਾ ਕਲਾਸਕੀ ਗਾਇਕੀ ਲਈ ਪੰਜਾਬ ਦੇ ਚਾਰ ਘਰਾਣਿਆ ਵਿਚੋਂ ਇਕ ਨੰਬਰ ਤੇ ਗਿਣਿਆ ਜਾਂਦਾ ਹੈ ।

*? ਤੁਹਾਡੇ ਤੋਂ ਇਲਾਵਾ ਹੋਰ ਕੌਣ ਕੌਣ ਭਾਈ ਨੰਦ ਜੀ ਦਾ ਸ਼ਾਗਿਰਦ ?*

– ਹੈਨ ਤਾਂ ਕਈ ਸਨ ਪਰ ਇਕ ਮੇਰੇ ਅਤੇ ਦੂਜੇ ਪੰਡਿਤ ਬਾਬੂ ਰਾਮ ਦਸੂਹੇ ਵਾਲਿਆਂ 'ਤੇ ਖਾਸ ਫਖਰ ਕਰਦੇ ਸਨ ਨਾਨਾ ਜੀ ।

*? ਤੁਸੀਂ ਸ਼ੁਰੂ ਤੋਂ ਹੀ ਸ਼ਾਸਤਰੀ ਸੰਗੀਤ ਵਿਚ ਲਿਵਲੀਨ ਰਹੇ ਜਾਂ ਗਾਇਕੀ ਦੀਆਂ ਹੋਰ ਵੰਨਗੀਆਂ ਵੀ ਅਪਨਾਈਆਂ ?*

– ਮੈਂ 1958 ਤੋਂ ਸ਼ਾਸਤਰੀ ਸੰਗੀਤ ਸਿੱਖਣਾ ਸ਼ੁਰੂ ਕੀਤਾ। ਪਹਿਲੇ ਪਹਿਲ ਗੀਤ ਗਜ਼ਲ ਵੀ ਗਾਏ । ਮੈਂ ਛੇਵੀਂ ਵਿਚ ਪੜ੍ਹਦਾ ਸਾਂ। ਚਰਨ ਸਿੰਘ ਸਫਰੀ ਮੇਰੇ ਅਧਿਆਪਕ ਸਨ। ਉਨ੍ਹਾਂ ਇਕ ਗੀਤ ਲਿਖਿਆ ਤੇ ਮੈਨੂੰ ਗਾਉਣ ਲਈ ਦਿੱਤਾ। ਮੈਂ ਗਾਇਆ ਜ਼ਰੂਰ ਪਰ ਕਲਾਸਕੀ ਸੁਰ 'ਚ। ਫਿਰ ਤਾਂ ਜਿਵੇਂ ਸ਼ੁਦਾਅ ਜਿਹਾ ਹੋਇਆ ਰਿਹਾ ਕਈ ਵਰ੍ਹੇ। ਭੰਗਵੇਂ ਜਿਹੇ ਖੁੱਲ੍ਹੇ ਕੱਪੜੇ ਪਾਈ ਰੱਖਣੇ। ਹਰ ਵੇਲੇ ਤਾਨਪੁਰਾ ਮੋਢੇ 'ਤੇ। ਜਿਥੇ ਕਿਧਰੇ ਮਨ 'ਚ ਆਇਆ ਉਥੇ ਹੀ ਬੈਠ ਗਿਆ। ਦਸੂਹੇ ਤਲਾਅ ਦੇ ਉਜਾੜ ਕੰਢਿਆਂ ਤੇ ਬੈਠ ਕੇ ਸਾਰਾ ਸਾਰਾ ਦਿਨ ਸੁਰ-ਗਾਇਣ 'ਚ ਮਗਨ ਰਹਿੰਦਾ। ਨਾ ਕਿਸੇ ਦੇ ਆਏ ਦਾ ਪਤਾ ਰਹਿੰਦਾ ਨਾ ਕੋਲੋਂ ਲੰਘਦੇ ਦਾ, ਇਕ ਵਾਰ ਇਕ ਅਜੀਬ ਵਾਕਿਆ ਹੋਇਆ। ਦਸੂਹੇ ਤਲਾਅ ਦਾ ਉਜਾੜ ਆਲਾ-ਦੁਆਲਾ ਭੂਤਾਂ ਪ੍ਰੇਤਾਂ ਦੇ ਰਹਿਣ ਠਹਿਰਣ ਲਈ ਮਸ਼ਹੂਰ ਸੀ। ਮੈਂ ਇਕ ਝਾੜੀ ਉਹਲੇ ਬੈਠਾ ਆਪਣੇ ਰਾਗ 'ਚ ਮਸਤ ਸੀ। ਉਧਰ ਬੰਨੀਓਂ ਲੰਘਦੇ ਇਕ ਆਦਮੀ ਨੇ ਤਲਾਅ ਨਾਲ ਲਗਦੀ ਸੜਕ 'ਤੇ ਪਹੁੰਚ ਕੇ ਰੌਲੀ ਪਾ ਦਿੱਤੀ – "ਮੈਂ ਭੂਤ-ਪ੍ਰੇਤ ਗਾਉਂਦੇ ਆਪ ਸੁਣੇ ਆ, ਵਾਜੇ ਵੱਜਦੇ ਸੀ ਨਾਲ ਨਾਲ.....।"

*? ਇਹੋ ਜਿਹੀ ਸਾਧਨਾ ਕਿੰਨਾ ਕੁ ਚਿਰ ਚਲਦੀ ਰਹੀ ?*

– ਊਂ ਤਾਂ ਹੁਣ ਤੱਕ ਚਲਦੀ ਐ, ਪਰ ਘੋਰ ਤਪੱਸਿਆ ਬਾਰਾਂ ਪੰਦਰਾਂ ਸਾਲ ਚੱਲੀ। ਘਰ ਦਾ ਸਾਰਾ ਮਾਹੌਲ ਸੰਗੀਤਕ ਹੋਇਆ ਰਹਿੰਦਾ। ਛੋਟੇ ਭਰਾ ਨਾਲੋਂ ਨਾਲ ਮੁਹਾਰਤ ਹਾਸਲ ਕਰਦੇ ਗਏ। ਗੁਲਬਾਗ ਸਿੰਘ ਖਾਸ ਕਰਕੇ।

*? ਇਸ ਸਮੇਂ ਦਾਲ ਫੁਲਕਾ ਕਿਵੇਂ ਚਲਿਆ ?*

– ਪੁੱਛੋ ਕੁਝ ਨਾ। ਪੂਰੇ ਫਾਕਾ-ਮਸਤੀ ਦੇ ਦਿਨ ਸਨ ਉਹ। ਘਰ ਵਾਲੇ ਘੂਰ ਘੂਰ ਵਿਹੰਦੇ ਸਨ ਮੈਨੂੰ। ਮੈਥੋਂ ਵੱਧ ਤਾਨਪੁਰੇ ਨੂੰ। .... ਫਿਰ ਇਕ ਤਰਕੀਬ ਸੁਝੀ। ਦਾੜ੍ਹੀ ਕੇਸ ਰੱਖਕੇ ਗੁਰਬਾਣੀ ਗਾਇਣ ਸ਼ੁਰੂ ਕਰ ਦਿੱਤਾ, ਪੱਕੇ ਰਾਗਾਂ 'ਚ। ਗੁਲਬਾਗ ਨੂੰ ਮੈਂ ਆਪਣੀ ਸੰਗਤ 'ਚ ਜੋੜ ਲਿਆ, ਹਰਮੋਨੀਅਮ ਨਾਲ।

*? ਪੱਕੇ ਰਾਗਾਂ ਵਿੱਚ 'ਗੁਰਬਾਣੀ । ਪਿੰਡਾਂ ਦੇ ਸਰੋਤੇ ਤਾਂ ਕਾਫੀ ਅਵਾਜਾਰ ਹੋਏ ਹੋਣਗੇ ਤੁਹਾਡੀ ਗਾਇਕੀ ਤੋਂ?*

– ਨਹੀਂ ਐਸੀ ਕੋਈ ਗੱਲ ਨਹੀਂ। ਗੁਰਬਾਣੀ ਦਾ ਇਕ ਵੀ ਸ਼ਬਦ ਕਲਾਸਕੀ ਰਾਗਾਂ ਤੋਂ ਬਾਹਰ ਨਹੀਂ ਹੈ। ਕਲਾਸਕੀ ਸੁਰਾਂ ਤੋਂ ਬਾਹਰ ਨਹੀਂ ਹੈ। ਗੁਲਬਾਗ ਸਿੰਘ ਵੀ ਰਾਗ ਵਿੱਦਿਆ 'ਚ ਕਾਫੀ ਮਾਹਰ ਹੋ ਗਿਆ ਸੀ। ਉਸ ਤੋਂ ਛੋਟਾ ਦਵਿੰਦਰ ਤਬਲੇ ਦੀ ਸੰਗਤ ਕਰਿਆ ਕਰਦਾ। ਸ਼ੁਰੂ ਸ਼ੁਰੂ ਤਾਂ ਭਾਵੇਂ ਕਿਸੇ ਨੂੰ ਓਪਰਾ ਲੱਗਾ ਹੋਊ ਪਰ ਪਿਛੋਂ ਸੰਗਤਾਂ ਘੰਟਿਆਂ ਬੱਧੀ ਸਾਡੇ ਸ਼ਬਦ ਗਾਇਨ ਦਾ ਆਨੰਦ ਮਾਣਦੀਆਂ ਰਹੀਆਂ। ਤੇ ਸੱਚੀ ਗੱਲ ਆ ਮਾਇਆ ਦੇ ਗੱਫੇ ਵੀ ਖੁੱਲ੍ਹੇ ਬਖਸ਼ਦੀਆਂ ਰਹੀਆਂ।

*? ਫਿਰ ਤਾਂ ਘਰਵਾਲਿਆਂ ਨੂੰ ਪੱਕਾ ਰਾਗ ਵਾਹਵਾ ਚੰਗਾ ਲੱਗਣ ਲੱਗ ਪਿਆ ਹੋਣਾ ?*

– ਬਿਲਕੁਲ ਠੀਕ ਹੈ। ਪਹਿਲੀਆਂ 'ਚ ਸਵੇਰੇ ਉਠ ਕੇ

ਜਦ ਮੈਂ ਰਿਆਜ਼ ਕਰਨਾ ਤਾਂ ਘਰਵਾਲੀ ਨੇ ਖਿਝਣਾ – ਕੀ ਰਾਮ ਰੌਲਾ ਪਾਉਣਾ ਸ਼ੁਰੂ ਕਰ ਦਿੱਤਾ ਤੜਕੇ ਤੜਕੇ। ਓਹੀ ਸੌਣ ਦਾ ਵੇਲਾ ਹੁੰਦਾ, ਓਹੀ ਤੁਹਾਡੇ ਆਅ....ਆਅ ਦਾ। ਤੇ ਹੁਣ....ਹੁਣ ਜਿਸ ਦਿਨ ਕਦੀ ਸਵਖਤੇ ਉਠੱਣ 'ਚ ਰਤੀ ਕੁ ਦੇਰ ਹੋ ਜਾਂਦੀ ਐ ਤਾਂ ਸ੍ਰੀਮਤੀ ਜੀ ਆਪ ਹਿਲਾ ਕੇ ਜਗਾਉਂਦੀ ਐ- "ਅੱਜ ਰਿਆਜ਼ ਨਹੀਂ ਕਰਨਾ, ਦੇਖੋ ਤਿੰਨ ਵੱਜਣ ਨੂੰ ਫਿਰਦੇ ਆ..।"

*? ਸਵੇਰੇ ਕਿੰਨੇ ਵਜੇ ਰਿਆਜ਼ ਲਈ ਬੈਠਦੇ ਹੋ ?*

– ਢਾਈ ਤਿੰਨ ਵਜੇ ਤੋਂ ਸਾਢੇ ਪੰਜ ਛੇ ਵਜੇ ਤੱਕ, ਤਿੰਨ ਘੰਟੇ ਬਿਲਾ ਨਾਗਾ।

*? ਕਿਸੇ ਵਿਸ਼ੇਸ਼ ਕੰਪੀਟੀਸ਼ਨ ਨੂੰ ਮੁੱਖ ਰੱਖਕੇ ਜਾਂ ਉਂਜ ਹੀ ਰੁਟੀਨ ਨਾਲ ?*

– ਦੋਨੋਂ ਤਰ੍ਹਾਂ। ਜਦੋਂ ਪਤਾ ਹੋਵੇ ਕਿਸੇ ਕੰਪੀਟੀਸ਼ਨ ਤੇ ਜਾਣਾ ਤਾਂ ਉਸ ਹਿਸਾਬ ਨਾਲ ਰਿਆਜ਼, ਨਹੀਂ ਤਾਂ ਹਰ ਰਾਗ ਦਾ ਵਾਰੀ ਵਾਰੀ ਅਭਿਆਸ ਕਰਨ ਲਈ।

*? ਹੁਣ ਤੱਕ ਕਿੰਨੇ ਕੁ ਮੁਕਾਬਲਿਆਂ 'ਚ ਹਿੱਸਾ ਲੈ ਚੁੱਕੇ ਹੋ ?*

– ਇਹ ਬੜੀ ਲੰਮੀ ਸੂਚੀ ਐ, ਪਰ ਸਭ ਤੋਂ ਪਹਿਲਾਂ 1974 'ਚ ਗੁਰੂ ਰਾਮ ਦਾਸ ਸਾਹਿਬ ਦਾ ਜਨਮ ਦਿਹਾੜਾ ਸੀ। 'ਰਾਗ ਕਿਦਾਰ' ਦਾ ਮੁਕਾਬਲਾ ਸੀ, ਅੰਮ੍ਰਿਤਸਰ ਦਰਬਾਰ ਸਾਹਿਬ। ਸਾਨੂੰ ਪਹਿਲਾ ਇਨਾਮ ਪ੍ਰਾਪਤ ਹੋਇਆ।

*? ਕਿੰਨੇ ਕੁ ਜੱਥੇ ਸ਼ਾਮਲ ਸਨ ?*

– ਕਰੀਬ ਪੰਜਾਹ ਜੱਥੇ, ਹਿੰਦੁਸਤਾਨ ਭਰ 'ਚੋਂ।

*? ਤੁਹਾਡੀ ਰਾਗ ਵਿੱਦਿਆ ਦੀ ਮੁਹਾਰਤ ਤੁਹਾਨੂੰ ਵਿਦੇਸ਼ਾਂ ਦੀ ਸੈਰ ਵੀ ਕਰਾ ਲਿਆਈ। ਕਿੰਨੀ ਵਾਰ ਗਏ ਓ ਬਾਹਰਲੇ ਮੁਲਕੀ ?*

ਕਈ ਵਾਰ। ਅਸੀਂ ਤਿੰਨ ਵਾਰ ਕੈਨੇਡਾ ਗਏ ਆਂ, ਪੰਜ ਵਾਰ ਅਮਰੀਕਾ ਤੇ ਛੇ ਵਾਰ ਇੰਗਲੈਂਡ।

*? ਵਾਹ! ਫਿਰ ਤਾਂ ਮਾਇਆ ਦੇ ਗੱਫਿਆਂ ਦੀ ਕੋਈ ਘਾਟ ਨਹੀਂ ਰਹੀ ਹੋਵੇਗੀ।*

–ਸੱਚਮੁੱਚ ਨਹੀਂ। ਗੁਰੂ ਬਾਬੇ ਦੀ ਬੜੀ ਮਿਹਰ ਰਹੀ ਐ। ਪਰ ਮਾਇਆ ਤਾਂ ਮਾਸਟਰ ਜੀ, ਆਉਣ ਜਾਣ ਵਾਲੀ ਵਸਤ ਐ। ਇਹ ਜਿਵੇਂ ਆਉਂਦੀ, ਉਵੇਂ ਤੁਰ ਵੀ ਜਾਂਦੀ ਹੈ, ਪਰ ਮਾਣ-ਸਨਮਾਨ, ਸੰਗਤਾਂ ਦਾ ਪਿਆਰ, ਕਲਾ ਪ੍ਰੇਮੀਆਂ ਦੀ ਥਾਪਨਾ ਸਾਡੇ ਲਈ ਮਾਇਆ ਨਾਲੋਂ ਉੱਤਮ ਧਨ ਹੈ।

*? ਪਰ ਹੋਰ ਕਿਹੜੇ ਕਿਹੜੇ ਵਿਸ਼ੇਸ਼ ਇਨਾਮ ਪ੍ਰਾਪਤ ਕੀਤੇ ਤੁਹਾਡੇ ਜੱਥੇ ਨੇ ?*

– 1991 ਵਿਚ ਸਾਨੂੰ ਭਾਸ਼ਾ ਵਿਭਾਗ ਪੰਜਾਬ ਨੇ 'ਸ਼੍ਰੋਮਣੀ ਰਾਗੀ' ਦੀ ਉਪਾਧੀ ਬਖਸ਼ੀ। ਇਸ ਤੋਂ ਪਹਿਲਾਂ ਹੋਰ ਬਹੁਤ ਇਨਾਮ ਸਨਮਾਨ ਮਿਲੇ।

ਪਰ ਇਨ੍ਹਾਂ ਇਨਾਮ-ਸਨਮਾਨਾਂ ਵਿਚੋਂ ਸਭ ਤੋਂ ਵੱਡਾ ਇਨਾਮ, ਜਿਸ ਤੇ ਅਸੀ. ਭਰਪੂਰ ਮਾਣ ਕਰਦੇ ਹਾਂ ਉਹ ਹੈ – 1989 ਵਿਚ ਸੁਆਮੀ ਹਰੀ ਦਾਸ ਸੰਗੀਤ ਕਲਾ ਪ੍ਰੀਸ਼ਦ, ਭੁਪਾਲ ਵਲੋਂ ਮਿਲੀ ਆਹ (ਟਰਾਫੀ ਵੱਲ ਇਸ਼ਾਰਾ ਕਰਕੇ) 'ਸੰਗੀਤ-ਚੂੜਾਮਨੀ' ਦੀ ਉਪਾਧੀ।

*? ਇਹ ਤਾਂ ਮਾਣ ਵਾਲੀ ਗੱਲ ਹੈ, ਸਾਰੇ ਕਲਾ ਜਗਤ, ਵਿਸ਼ੇਸ਼ ਕਰਕੇ ਸੰਗੀਤ ਜਗਤ ਲਈ।*

– ਇਹ ਸਭ ਕੁਝ ਮਹਾਰਾਜ ਦੀ ਬਖਸ਼ਿਸ਼ ਐ, ਜਾਂ ਸਾਧ ਸੰਗਤ ਦੀ ਕਿਰਪਾ ਦ੍ਰਿਸ਼ਟੀ। ਅਸੀਂ ਤਾਂ ਗੁਰੂ-ਘਰ ਦੀ ਸੇਵਾ ਕੀਤੀ ਐ ਤੇ ਕਰਦੇ ਰਹਿਣਾ ਜਿੰਨਾਂ ਚਿਰ ਦਮ ਵਿੱਚ ਦਮ ਐ। ਉਂਜ ਮਾਸਟਰ ਜੀ, ਸੰਗੀਤ ਇਕ ਅਥਾਹ ਸਮੁੰਦਰ ਐ, ਇਸ ਦੀ ਹਾਥ ਪਾਉਣੀ ਸਾਡੇ ਵਰਗੇ ਨਿਮਾਣੇ ਜਿਹੇ ਸੇਵਕਾਂ ਦੇ ਵੱਸ ਦੀ ਬਾਤ ਨਹੀਂ।

*? 'ਹਰਬਲਭ' ਸੰਗੀਤ ਸੰਮੇਲਨ ਵਿਚ ਕਦੀ ਸ਼ਿਰਕਤ ਕੀਤੀ ?*

– ਦੋ ਵਾਰ, 1982 ਅਤੇ 1997 ਵਿਚ। 1997 ਵਿਚ ਤਬਲੇ ਦੀ ਸੰਗਤ ਪੰਡਿਤ ਰਮਾਂਕਾਂਤ ਨੇ ਕੀਤੀ ਤੇ ਸਾਰੰਗੀ ਦੀ ਅਹਿਮਦ ਸਦੀਕੀ ਨੇ। ਦੋਨੋਂ ਆਪਣੇ ਆਪਣੇ ਫਨ ਦੇ ਉਸਤਾਦ।

*? ਹੋਰ ਕੋਈ ਵਿਸ਼ੇਸ਼ ਘਟਨਾ ਜਿਹੜੀ ਤੁਹਾਡੇ ਸੰਗੀਤ ਸਫਰ ਦੌਰਾਨ ਵਾਪਰੀ ਹੋਵੇ।*

– ਦੋ ਮਹੱਤਵਪੂਰਨ ਘਟਨਾਵਾਂ ਦਾ ਜ਼ਿਕਰ ਕਰਨਾ ਜ਼ਰੂਰੀ ਹੈ। ਇੱਕ ਵਾਰ ਅਸੀਂ ਦਿੱਲੀ ਰਕਾਬ ਗੰਜ ਗੁਰਦੁਆਰੇ ਸ਼ਬਦ ਗਾਇਨ ਕਰ ਰਹੇ ਸਾਂ। ਲਾਊਡ ਸਪੀਕਰ ਰਾਹੀਂ ਆਵਾਜ਼ ਬਾਹਰ ਵੀ ਸੁਣਾਈ ਦਿੰਦੀ ਸੀ। ਬਾਹਰ ਵੱਡੀ ਸੜਕ ਤੋਂ ਲੰਘਦੇ ਉਸ ਵੇਲੇ ਦੇ ਆਲ ਇੰਡੀਆ ਰੇਡੀਓ ਦੇ ਡਾਇਰੈਕਟਰ ਜਨਾਬ ਹਫੀਜ਼ ਅਹਿਮਦ ਖਾਂ ਦੀ ਕਾਰ ਨੂੰ ਕਿਸੇ ਕਾਰਨ ਪਲ ਦੋ ਪਲ ਰੁਕਣਾ ਪਿਆ।

ਉਨ੍ਹਾਂ ਸਾਡੀ ਆਵਾਜ਼, ਸਾਡਾ ਸੁਰ ਤਾਲ ਸੁਣਿਆ ਤਾਂ ਆਪਣੇ ਡਰਾਇਵਰ ਨੂੰ ਗੱਡੀ ਇਕ ਪਾਸੇ ਖੜੀ ਕਰਨ ਲਈ ਆਖਿਆ। ਆਪ ਤਾਂ ਉਹ ਕਾਰ ਵਿੱਚ ਹੀ ਬੈਠੇ ਰਹੇ, ਪਰ ਆਪਣੇ ਡਰਾਈਵਰ ਹੱਥ ਆਪਣਾ ਵਿਜ਼ਟਿੰਗ ਕਾਰਡ ਸਾਨੂੰ ਗੁਰਦੁਆਰੇ ਕੀਰਤਨ ਸਥਾਨ ਤੇ ਪੁੱਜਦਾ ਕਰਕੇ ਸੁਨੇਹਾ ਭੇਜਿਆ ਕਿ ਅਸੀਂ, ਉਨ੍ਹਾਂ ਨੂੰ ਏ.ਆਈ.ਆਰ. ਦੇ ਦਫਤਰ ਮਿਲੀਏ।

ਗੁਰਦੁਆਰਿਓਂ ਵਿਹਲੇ ਹੋ ਕੇ ਅਸੀਂ ਉਨ੍ਹਾਂ ਦੇ ਦਫਤਰ ਪਹੁੰਚ ਗਏ ਤੇ ਸ਼ਰਾਰਤ ਜਿਹੀ ਨਾਲ ਉਨ੍ਹਾਂ ਦਾ ਦਿੱਤਾ ਕਾਰਡ ਦਿਖਾਉਣ ਤੋਂ ਪਹਿਲਾਂ ਅਸੀਂ ਰੇਡੀਓ 'ਤੇ ਸ਼ਬਦ ਗਾਉਣ ਦੀ ਆਗਿਆ ਮੰਗੀ। ਭਾਈ ਜੀ ਏਦਾਂ ਨਹੀਂ ਰੇਡੀਓ ਤੇ ਗਾਇਆ ਜਾਂਦਾ। ਪਹਿਲਾਂ ਐਡੀਸ਼ਨ ਟੈਸਟ ਪਾਸ ਕਰਨਾ ਪੈਂਦਾ, ਫਿਰ ਵਾਰੀ ਮਿਲਦੀ ਐ। ਤੁਸੀਂ ਆਪਣੇ ਲਾਗਲੇ ਰੇਡੀਓ ਸਟੇਸ਼ਨ ਤੋਂ ਫਾਰਮ ਲੈ ਕੇ ਭਰੋ। ਉਹ ਤੁਹਾਨੂੰ ਕਿਸੇ ਦਿਨ ਸੱਦ ਕੇ ਤਹਾਡੀ ਆਵਾਜ਼ ਟੈਸਟ ਕਰਨਗੇ, ਜੇ ਪ੍ਰਸਾਰਨ ਯੋਗ ਹੋਈ ਤਾਂ ਤੁਹਾਨੂੰ ਮੌਕਾ ਜ਼ਰੂਰ ਮਿਲੇਗਾ। ਫਿਰ ਸਹਿਜ ਨਾਲ ਉਨ੍ਹਾਂ ਦਾ ਦਿੱਤਾ ਵਿਜ਼ਡਿੰਗ ਕਾਰਡ ਮੈਂ ਉਨ੍ਹਾਂ ਵੱਲ ਵਧਾਇਆ। ਉਹ ਝੱਟ

ਦੇਣੀ ਕੁਰਸੀ ਤੋਂ ਉੱਠੇ। ਸਾਨੂੰ ਤਿੰਨਾਂ ਨੂੰ ਜੱਫੀ 'ਚ ਲਿਆ ਤੇ ਕਿਹਾ - ਆਪਣਾ ਸਿਰਨਾਵਾਂ ਲਿਖ ਦਿਓ ਤੇ ਜਾਓ, ਤੁਹਾਨੂੰ ਔਡੀਸ਼ਨ ਟੈਸਟ ਦਾ ਲੈਟਰ ਨਹੀਂ ਕੰਨਟੈਰਕਟ ਲੈਟਰ ਘਰ ਪਹੁੰਚੇਗਾ। ਤੁਹਾਡਾ ਰਾਗ ਮੈਂ ਸਵੇਰੇ ਸੁਣ ਲਿਆ ਹੈ।

ਇਉਂ ਅਸੀਂ ਬਿਨ੍ਹਾਂ ਟੈਸਟ ਦਿੱਤਿਆਂ ਆਲ ਇੰਡੀਆਂ ਰੇਡੀਓ ਲਈ ਚੁਣੇ ਗਏ।

*? ਇਹ ਤਾਂ ਕਮਾਲ ਦੀ ਉਪਲਬਧੀ ਐ ! ਇਹ ਤਾਂ ਹੋਈ ਇਕ ਘਟਨਾ ਤੇ ਦੂਜੀ ?*

- ਦੂਜੀ ਇਸ ਤੋਂ ਵੀ ਕਮਾਲ ਦੀ ਐ! ਪ੍ਰੋ. ਮੋਹਨ ਸਿੰਘ ਯਾਦਗਾਰੀ ਮੇਲੇ ਦੇ ਪ੍ਰਬੰਧਕਾਂ ਨੇ 'ਨੌ ਰਤਨਾਂ' ਦੀ ਚੋਣ ਕਰਨੀ ਸੀ। ਅੱਠ-ਰਤਨ, ਜਿਨ੍ਹਾਂ ਵਿਚ ਕਵੀ, ਚਿੱਤਰਕਾਰ, ਖਿਡਾਰੀ, ਮੂਰਤੀਕਾਰ, ਨਰਿੱਤ ਕਲਕਾਰ ਤੇ ਹੋਰਨਾਂ ਕੋਮਲ ਕਲਾਵਾਂ ਦੇ ਸ਼ਾਹ ਸਵਾਰ ਸ਼ਾਮਲ ਸਨ ਉਹ ਤਾਂ ਉਨ੍ਹਾਂ ਬੜੀ ਸੌਖ ਨਾਲ ਚੁਣ ਲਏ ਪਰ ਨੌਵੇ ਰਤਨ ਦੀ ਚੋਣ ਲਈ ਉਨ੍ਹਾਂ ਨੂੰ ਮੁਸ਼ਕਿਲ ਪੇਸ਼ ਆ ਰਹੀ ਸੀ। ਰਾਗ ਫੈਸਲਾ ਥੋੜ੍ਹੇ ਕੁ ਦਿਨਾਂ ਲਈ ਅੱਗੇ ਪਾ ਦਿੱਤਾ।

ਸੁਭਾਗ ਵੱਸ, ਸਾਡਾ ਜਥਾ ਜਵੱਦੀ ਕਲਾਂ ਵਿਖੇ ਹੋਏ ਸ਼ਬਦ ਗਾਇਣ ਮੁਕਾਬਲੇ ਵਿਚ ਗਿਆ ਸੀ। ਅਸੀਂ ਅੰਮ੍ਰਿਤ ਵੇਲੇ 'ਆਸਾ ਜੀ ਦੀ ਵਾਰ' ਦਾ ਕੀਰਤਨ ਕਰ ਰਹੇ ਸਾਂ। ਜਸੋਵਾਲ ਚੋਣ ਜਥਾ ਲੈ ਕੇ ਉਥੇ ਪਹੁੰਚਿਆ ਹੋਇਆ ਸੀ। ਉਸ ਨੇ ਸਾਨੂੰ ਸੁਣਦਿਆਂ ਸਾਰ ਆਪਣੀ ਬਕਾਇਆ ਰਹਿੰਦੀ ਖਾਲੀ ਥਾਂ ਭਰਨ ਦਾ ਆਪਣੇ ਸਹਿਯੋਗੀਆਂ ਨੂੰ ਮਸ਼ਵਰਾ ਦਿੱਤਾ। ਮਸ਼ਵਰਾ ਮਨਜ਼ੂਰ ਹੋਇਆ ਤੇ ਸਾਡਾ ਜਥਾ 'ਨੌਵੇਂ ਰਤਨ' ਦਾ ਸਥਾਨ ਪ੍ਰਾਪਤ ਕਰ ਗਿਆ।

*? ਇਹ ਤਾਂ ਸੱਚਮੁੱਚ ਹੀ ਤੁਹਾਡੀ ਕਲਾ ਦਾ ਸਨਮਾਨ ਹੈ, ਗੁਰਬਾਣੀ ਨੂੰ ਨਿਰਧਾਰਤ ਰਾਗਾਂ ਵਿਚ ਗਾਉਣ ਦੀ ਕਲਾ ਦਾ। ਕੀ ਹੋਰ ਗੁਰਬਾਣੀ ਗਾਇਕ ਜਥਿਆਂ ਨੂੰ ਸੁਣਦਿਆਂ ਤੁਹਾਡੀ ਤਸੱਲੀ ਹੁੰਦੀ ਐ ?*

- ਹੁੰਦੀ ਵੀ ਐ ਤੇ ਨਹੀਂ ਵੀ। ਜਿਹੜੇ ਜਥੇ ਰਾਗ ਵਿੱਦਿਆ ਦਾ ਅਭਿਆਸ ਕਰਦੇ ਨੇ ਉਨ੍ਹਾਂ ਨੂੰ ਸੁਨਣਾ ਬਹੁਤ ਚੰਗਾ ਲਗਦਾ ਹੈ ਪਰ ਅੱਜ ਕੱਲ ਬਹੁਗਿਣਤੀ ਜੱਥਿਆਂ ਨੂੰ ਗੁਰਬਾਣੀ ਗਾਉਣ ਦਾ ਨਾ ਅਭਿਆਸ ਹੈ ਨਾ ਹੀ ਕਲਾ।

*? ਭਾਈ ਸਾਹਿਬ ਜੀ ਤੁਸੀਂ ਵਿਦੇਸ਼ਾਂ ਵਿਚ ਵੀ ਗਏ ਹੋ ਇਧਰ ਵੀ ਆਪਣੀ ਕਲਾ ਦਾ ਪ੍ਰਦਰਸ਼ਨ ਕਰਦੇ ਹੋ ਤੁਹਾਨੂੰ ਬਾਹਰ ਦੀ ਸੰਗਤ ਜਾਂ ਇਧਰ ਦੀ ਸੰਗਤ ਵਿਚੋਂ ਕਿਹੜੇ ਸਰੋਤੇ ਬਹੁਤਾ ਕਬੂਲਦੇ ਨੇ।*

- ਬਸ ਬਰਾਬਰ ਬਰਾਬਰ ਜਿਹਾ ਈ ਐ। ਉਂਜ ਇੰਗਲੈਂਡ ਦੀ ਰਾਮਗੜ੍ਹੀਆ ਬਰਾਦਰੀ ਵਿਸ਼ੇਸ਼ ਤੌਰ ਤੇ ਜਿਹੜੀ ਕੀਨੀਆ ਤੋਂ ਇੰਗਲੈਂਡ ਗਈ, ਉਨ੍ਹਾਂ ਸਾਡੇ ਸੰਗੀਤ ਨੂੰ ਸਭ ਨਾਲੋਂ ਜ਼ਿਆਦਾ ਪਿਆਰ ਦਿੱਤਾ।

*? ਕੀ ਤੁਹਾਨੂੰ ਕਲਾਸਕੀ ਸੰਗੀਤ ਦੇ ਸਰੋਤਿਆਂ ਦੀ ਘਾਟ ਤਾਂ ਮਹਿਸੂਸ ਨਹੀਂ ਹੁੰਦੀ ? ਗੁਰਬਾਣੀ ਸਰੋਤਿਆਂ ਦੇ ਬੱਝ ਕੇ ਬੈਠੇ ਰਹਿਣ ਦੇ ਕਾਰਨ ਹੋਰ ਵੀ ਹੁੰਦੇ ਹਨ।*

- ਮਹਿਸੂਸ ਤਾਂ ਹੁੰਦੀ ਐ ਪਰ ਕਦਰਦਾਨ ਵੀ ਹੈਗੇ। ਉਂਜ ਸਾਡਾ ਅਕੀਦਾ ਹੋਰ ਹੈ ਸਰੋਤੇ ਭਾਵੇਂ ਥੋੜ੍ਹੇ ਵੀ ਹੋਣ । ਅਸੀਂ ਆਪਣੀ ਲੀਹ ਨਹੀਂ ਛੱਡਣੀ। ਕਲਾਸਕੀ ਗਾਇਕੀ ਦਾ ਪੰਧ ਨਹੀਂ ਤਿਆਗਣਾ। ਇਹੋ ਸਾਡਾ ਇਸ਼ਟ ਹੈ, ਇਹੋ ਮਿਸ਼ਨ।

*? ਤੁਸੀਂ ਆਪਣੇ ਛੋਟੇ ਭਰਾਵਾਂ ਬਾਰੇ ਤਾਂ ਦੱਸਿਆ ਕਿ ਤੁਹਾਡੀ ਸੰਗਤ ਕਰਦੇ ਨੇ। ਗੁਲਬਾਗ ਸਿੰਘ ਹਰਮੋਨੀਅਮ ਤੇ ਦਵਿੰਦਰ ਸਿੰਘ ਤਬਲੇ ਤੇ। ਤੁਹਾਡੇ ਕਿਸੇ ਬੱਚੇ ਨੇ ਵੀ ਤੁਹਾਡੀ ਕਲਾ ਨੂੰ ਅਪਣਾਇਆ।*

- ਹਾਂ, ਮੇਰਾ ਲੜਕਾ ਅਵਤਾਰ ਸਿੰਘ ਐਮ.ਏ. ਮਿਊਜ਼ਿਕ ਐਮ.ਫਿਲ. ਐ। ਉਹ ਗੁਰੂ ਤੇਗ ਬਹਾਦਰ ਕਾਲਜ ਫਾਰ ਵੂਮੈਨ ਦਸੂਹਾ ਵਿਖੇ ਸੰਗੀਤ ਦਾ ਅਧਿਆਪਕ ਲੱਗਾ ਹੋਇਆ ਹੈ।

*? ਗਾਇਕੀ ਤੋਂ ਇਲਾਵਾ ਹੋਰ ਕਿਹੜੀ ਕਲਾ ਨਾਲ ਲਗਾਓ ਹੈ ਤੁਹਾਡਾ ?*

- ਲਗਾਓ ਤਾਂ ਸਿਰਫ ਗਾਇਕੀ ਨਾਲ ਹੀ ਹੈ। ਉਂਜ ਮੇਰਾ ਵਿਸ਼ਵਾਸ ਹੈ, ਕੋਮਲ ਕਲਾਵਾਂ ਦੋ ਹੀ ਪ੍ਰਮੁੱਖ ਹਨ ਗਾਇਕੀ ਤੇ ਚਿੱਤਰਕਲਾ। ਚਿੱਤਰਕਲਾ ਵਿਚ ਕਲਾਕਾਰ ਅੰਦਰ ਸਰੂਪ ਸਾਕਾਰ ਹੋ ਕੇ ਕੈਨਵੈਸ ਤੇ ਚਿਤਰਿਆ ਜਾਂਦਾ ਪਰ ਗਾਇਕੀ ਦੀ ਸੁਰ ਸਾਕਾਰ ਨਹੀਂ ਹੋ ਸਕਦੇ। ਇਕ ਕਲਾਕਾਰ ਦੇ ਅੰਦਰੋਂ ਨਿਕਲ ਕੇ ਕੁਦਰਤ ਦੇ ਪਸਾਰੇ ਵਿਚ ਇਕਮਿੱਕ ਹੋ ਜਾਂਦੀ ਐ। ਰੱਬ ਵਰਗੀ ਵਿਸ਼ਾਲਤਾ ਅਖਤਿਆਰ ਕਰ ਲੈਂਦੀ ਐ। ਇਨ੍ਹਾਂ ਦੋਨਾਂ ਸਿਨਫਾਂ ਦੀ ਆਪਸੀ ਨੇੜਤਾ ਮੈਨੂੰ ਬਹੁਤਾ ਟੁੰਬਦੀ ਐ।

ਸਰਦਾਰ ਸੋਭਾ ਸਿੰਘ ਸਾਡੀ ਸਿਨਫ ਦੇ ਬਹੁਤ ਕਦਰਦਾਨ ਸਨ। ਉਨ੍ਹਾਂ ਸਾਨੂੰ ਅੰਦਰੇਟੇ ਬੁਲਾ ਕੇ ਸੁਣਿਆ ਸੀ।

*? ਤੁਸੀਂ ਇਸ ਕਲਾ ਨੂੰ ਕੁਦਰਤ ਵਲੋਂ ਮਿਲਿਆ ਗੁਣ ਸਮਝਦੇ ਹੋ ਜਾਂ ਮਾਹੌਲ ਦੀ ਵਾਤਾਵਰਣ ਦੀ ਦੇਣ ?*

- ਕੁਦਰਤ ਵਲੋਂ ਮਿਲਿਆ ਗੁਣ ਰੱਬੀ ਦਾਤ। ਮਾਹੌਲ ਆਪਣਾ ਰੋਲ ਅਦਾ ਜ਼ਰੂਰ ਕਰਦਾ ਹੈ ਪਰ ਮੁਢਲੇ ਰੂਪ ਵਿਚ ਮਨੁੱਖ ਅੰਦਰ ਕਲਾ ਦਾ ਬੀਜ ਰੂਪ ਕੁਦਰਤ ਦਾ ਵਰਦਾਨ ਰੂਪ ਹੁੰਦਾ ਹੈ । ਇਸ ਬੀਜ ਦੇ ਵੱਧਣ ਫੁੱਲਣ ਲਈ ਮਾਹੌਲ ਦੀ ਆਪਣੀ ਥਾਂ ਜ਼ਰੂਰ ਐ।

*? ਤੁਸੀਂ ਨਵੇਂ ਗਾਇਕਾਂ ਨੂੰ ਕੀ ਸੁਨੇਹਾ ਦੇਣਾ ਚਾਹੋਗੇ ?*

ਨਵੇਂ ਗਾਇਕਾਂ ਨੂੰ ਮੇਰੀ ਬੇਨਤੀ ਹੈ ਕਿ ਉਹ ਆਪਣੇ ਵਿਰਸੇ ਨੂੰ ਪਛਾਨਣ। ਸਾਡੇ ਵਿਰਸੇ 'ਚ ਬੜਾ ਕੁਝ ਐ- ਛੰਦ ਐ, ਰਸ ਐ, ਸੰਗੀਤ ਐ, ਸੁਰ ਐ, ਆਵਾਜ਼ ਐ। ਪਰ ਸਾਡੇ ਨਵੇਂ ਗਾਇਕ ਇਨ੍ਹਾਂ ਵਰਦਾਨਾਂ ਤੋਂ ਕੋਈ ਅਗਵਾਈ ਨਹੀਂ ਲੈਂਦੇ। ■

---

*ਪੰਜਾਬੀ ਟ੍ਰਿਬਿਊਨ ਵਿਚੋਂ ਧੰਨਵਾਦ ਸਹਿਤ*

# ਤਬਲੇ ਦੀ ਪਰਿਭਾਸ਼ਿਕ ਸ਼ਬਦਾਵਲੀ – II

**ਹਰਭਜਨ ਸਿੰਘ ਧਾਰੀਵਾਲ ***

ਐਮ. ਏ. (ਸੰਗੀਤ) ਬੀ. ਐੱਡ.

*ਦਸੰਬਰ '98 ਦੇ ਅੰਕ ਤੋਂ ਅੱਗੇ*

"ਪੇਸ਼ਕਾਰ" ਬਾਰੇ ਪਹਿਲਾਂ ਜਾਣਕਾਰੀ ਦਿੱਤੀ ਜਾ ਚੁੱਕੀ ਹੈ।

ਉਦਾਹਰਣ – ਪੇਸ਼ਕਾਰ ਆੜਾ ਚਾਰ ਤਾਲ (14 ਮਾਤ੍ਰਾ)[1]

| | | | | |
|---|---|---|---|---|
| ਧਿਨ-ਕੜ | ਧਿਨ-ਨਾ- | -ਕੜਧਾ | ਧਿ-ਨਾ ਧਾਤੀ | ਧਾਧਾ |
| x | | 2 | 0 | |
| ਧਿ-ਨਾ- | ਤਿਟਘੇੜਾ | -ਨਧਾ- | ਤੀ-ਧਾ | |
| 3 | | 0 | | |
| -ਕੜਧਾ | ਧਾ-ਤੀ- | ਧਾ-ਧਾ- | ਤਿ-ਨਾ- | |
| 4 | | 0 | | |
| ਤਿਨ-ਕੜ | ਤਿ-ਨਾ- | -ਕੜਤਾ | ਤਿੰਨ ਨਾ- | |
| x | | 2 | | |
| ਤਾ-ਤੀ- | ਤਾ-ਤਾ- | ਤਿ-ਨਾ- | ਤਿਟਘੇੜਾ | |
| 0 | | 3 | | |
| -ਨਧਾ- | ਤੀ-ਧਾ- | -ਕੜਧਾ | ਧਾ-ਤੀ- | |
| 0 | | 4 | | |
| ਧਾ-ਧਾ- | ਧਿ-ਨਾ- | | | |
| 0 | | | | |

ਸੋਲੋ ਤਬਲਾ ਵਾਦਨ ਦੌਰਾਨ ਨਗਮੇ ਦੇ ਆਧਾਰ ਤੇ ਪੇਸ਼ਕਾਰ ਨੂੰ ਵਿਭਿੰਨ ਲੈਅਕਾਰੀਆਂ ਤੇ ਵਿਸ਼ੇਸ਼ ਬੋਲਾਂ ਨਾਲ ਸ਼ਿੰਗਾਰ ਕੇ ਵਿਸਥਾਰ ਕੀਤਾ ਜਾਂਦਾ ਹੈ ਜਿਸ ਵਿੱਚ ਅਨੇਕ ਪ੍ਰਕਾਰ ਦੀਆਂ ਤਿਹਾਈਆਂ ਵੀ ਸ਼ਾਮਿਲ ਹੁੰਦੀਆਂ ਹਨ। "ਪੇਸ਼ਕਾਰ" ਤੋਂ ਬਾਅਦ ਹੀ ਤਬਲਾ ਵਾਦਕ ਵਲੋਂ ਕਾਇਦਿਆਂ ਦਾ ਵਿਸਥਾਰ ਪਲਟਿਆਂ ਰਾਹੀਂ ਕੀਤਾ ਜਾਂਦਾ ਹੈ।

ਉਠਾਨ : ਉਠਾਨ ਵੀ ਇਕ ਪ੍ਰਕਾਰ ਦਾ ਲੰਮਾ ਟੁਕੜਾ ਹੀ ਹੈ। ਜਿਸ ਨੂੰ ਗਾਇਨ ਵਾਦਨ ਤੇ ਨ੍ਰਿਤ ਦੇ ਸ਼ੁਰੂ 'ਚ ਜੋਰਦਾਰੀ ਨਾਲ ਵਜਾ ਕੇ ਤਾਲ ਦੇ ਸਮ ਤੇ ਆਇਆ ਜਾਂਦਾ ਹੈ। ਇਹ ਦੋ ਜਾਂ ਦੋ ਤੋਂ ਵੱਧ ਅਰਸੇ ਦੀ ਹੋ ਸਕਦੀ ਹੈ। ਨ੍ਰਿਤ ਤੋਂ ਇਲਾਵਾ ਸੋਲੋ ਤਬਲਾ ਵਾਦਨ ਵਿੱਚ ਇਸ ਦਾ ਖਾਸ ਮਹੱਤਵ ਹੈ।।

ਉਦਾਹਰਣ : ਉਠਾਨ ਤਿੰਨ ਤਾਲ [1]

| | | | | |
|---|---|---|---|---|
| ਧਾਗੇ | ਨਾਧਿਨ | -ਧਿਨ | ਗਿਨਾ | ਧਾਗੇ |
| x | | | | 2 |
| ਤਿਟ | ਕਿਟ | ਧਾਗੇ | ਤਿਟ | ਘੇੜਾ |
| 0 | | | | |
| -ਨ | ਧਾ- | ਤੀ- | ਧੀ- | ਤੀ- |
| | | 3 | | |
| ਨਾ- | ਧਾ- | ਘੇੜਾ | -ਨ | ਧਾ- |
| | x | | | |
| ਤੀ- | ਧਾ- | ਤੀ- | ਨਾ- | ਧਾ- |
| 2 | | | | 0 |
| ਘੇੜਾ | -ਨ | ਧਾ- | ਤੀ- | ਧਾ- |
| | | | 3 | |
| ਤੀ- | ਨਾ | ਧਾ | | |
| | | x | | |

ਚਕਰਦਾਰਪਣ : ਇਹ ਤਿਹਾਈ ਦਾ ਹੀ ਵਿਸ਼ੇਸ਼ ਪ੍ਰਕਾਰ ਹੈ। ਕਿਸੇ ਪਰਣ ਨੂੰ 'ਧਾ' ਸਹਿਤ ਤਿੰਨ ਵਾਰ ਇੰਝ ਵਜਾਇਆ ਜਾਏ ਕਿ ਅੰਤਿਮ 'ਧਾ' ਨਿਰਧਾਰਿਤ ਤਾਲ ਦਾ 'ਸਮ' ਸਥਾਨ ਗ੍ਰਹਿਣ ਕਰੇ ਤਾਂ ਅਜਿਹੀ ਬੰਦਿਸ਼ ਚਕਰਦਾਰ ਪਰਣ ਕਹਾਏਗੀ।

ਉਦਾਹਰਣ : ਸਾਧਾਰਨ ਚਕਰਦਾਰਪਰਣ ਤਿਨਤਾਲ [1]

| | | | | |
|---|---|---|---|---|
| ਘੇ-ਤਿਰ | ਕਿਟ ਧੇ | ਤਿਟ | ਕਿਟ | ਧੇਤ |
| x | | | | |
| ਧੇਤ | ਤਿਰਕਿਟ | ਧੇਤ | ਤਾਕੇ | -ਨ |
| 2 | | | 0 | |
| ਧਾ- | ਤਿਰਕਿਟ | ਧੇਤ | ਤਾਕੇ | -ਨ |
| | | 3 | | |
| ਧਾ- | ਤਿਰਕਿਟ | ਧੇਤ | ਤਾਕੇ | --ਨਾ |
| | x | | | |
| ਧਾ- | --, | ਘੇ-ਤਿਰ | ਕਿਟਧੇ | ਤਿਟ |
| 2 | | | | 0 |
| ਕਿਟ | ਧੇਤ | ਧੇਤ | ਤਿਰਕਿਟ | ਧੇਤ |
| | | | 3 | |
| ਤਾਕੇ | -ਨ | ਧਾ- | ਤਿਰਕਿਟ | ਧੇਤ |
| | | x | | |
| ਤਾ-ਕੇ | -ਨ | ਧਾ- | ਤਿਰਕਿਟ | ਧੇਤ |
| | 2 | | | |
| ਤਾਕੇ | -ਨ | ਧਾ- | -- | ਘੇ-ਤਿਰ |
| 0 | | | | 3 |
| ਕਿਟਧੇ | ਤਿਟ | ਕਿਟ | ਧੇਤ | |
| | | | x | |
| ਧੇਤ | ਤਿਰਕਿਟ | ਧੇਤ | ਤਾਕੇ | -ਨ |
| | | 2 | | |
| ਧਾ- | ਤਿਰਕਿਟ | ਧੇਤ | ਤਾਕੇ | |
| | | 0 | | |
| -ਨ | ਧਾ- | ਤਿਰਕਿਟ | ਧੇਤ | ਤਾਕੇ |
| | | 3 | | |
| -ਨ | ਧਾ | | | |
| | x | | | |

* # 1447/10 ਸੈਕਟਰ 65, ਐਸ.ਏ.ਐਸ. ਨਗਰ, ਚੰਡੀਗੜ੍ਹ

**ਫਰਮਾਇਸ਼ੀ ਚਕਰਦਾਰ ਪਰਣ :** ਜਦੋਂ ਕਿਸੇ ਪਰਣ ਨੂੰ 'ਧਾ' ਸਹਿਤ ਤਿੰਨ ਵਾਰ ਇਝ ਵਜਾਇਆ ਜਾਏ ਕਿ ਪਰਣ ਦੇ ਪਹਿਲੇ ਪੱਲੇ ਦੌਰਾਨ ਤਿਹਾਈ ਦਾ ਪਹਿਲਾ 'ਧਾ' ਨਿਰਧਾਰਿਤ ਤਾਲ ਦੇ ਸਮ ਤੇ ਆਏ, ਦੂਜੇ ਪੱਲੇ ਦੌਰਾਨ ਤਿਹਾਈ ਦਾ ਦੂਜਾ 'ਧਾ' ਸਮ ਤੇ ਆਏ ਅਤੇ ਤੀਜੇ ਪੱਲੇ ਦੌਰਾਨ ਤਿਹਾਈ ਦਾ ਅੰਤਿਮ 'ਧਾ' ਸਮ ਤੇ ਆਏ ਤਾਂ ਅਜਿਹੀ ਰਚਨਾਂ ਹੀ ਫਰਮਾਇਸ਼ੀ ਚੱਕਰਦਾਰ ਪਰਣ ਕਹਾਉਂਦੀ ਹੈ। ਇਸ ਤਰ੍ਹਾਂ ਦੀਆਂ ਬੰਦਿਸ਼ਾਂ ਸ਼ਾਸਤਰੀ ਸੰਗੀਤ ਦੀਆਂ ਗੋਸ਼ਟੀਆਂ ਵਿੱਚ ਫਰਮਾਇਸ਼ ਕਰਨ ਤੇ ਸੁਣਾਈਆਂ ਜਾਂਦੀਆਂ ਹਨ। ਸ਼ਾਇਦ ਇਸੇ ਕਰਕੇ ਹੀ ਅਜਿਹੀਆਂ ਪਰਣਾਂ ਨੂੰ ਫਰਮਾਇਸ਼ੀ ਚਕਰਦਾਰ ਪਰਣਾਂ ਕਿਹਾ ਗਿਆ ਹੈ।

ਉਦਾਹਰਣ : ਫਰਮਾਇਸ਼ੀ ਚਕਰਦਾਰਪਰਣ ਝਪਤਾਲ [1]

| | | | | |
|---|---|---|---|---|
| ਧਾਗੇਤਿਟ | ਤਾਗੇਤਿਟ | ਗਦਿਗੇਨਾ | ਨਗਤਿਟ | ਕਤਾਗਦਿ |
| x | | 2 | | |
| ਗੇ ਨਾ ਧਾ- | ਧਾੜਾ-ਨ | ਕਤੱਕਤਾ | ਘੇਘੇ ਨਾਨਾ | ਗਦਿਗੇਨਾ |
| 0 | | 3 | | |
| ਧਾ-ਕੱਤਾ | ਘੇਘੇ ਨਾਨਾ | ਗਦਿਗੇਨਾ | ਧਾ-ਕਤਾ | ਘੇਘੇ ਨਾਨਾ |
| x | | 2 | | |
| ਗਦਿਕੇਨਾ | ਧਾ- | ਧਾਗੇ ਤਿਟ | ਤਾਗੇ ਤਿਟ | ਗਦਿਗੇਨਾ |
| 0 | | 3 | | |
| ਨਗ ਤਿਟ | ਕਤਾਗਦਿ | ਗੇ ਨਾ ਧਾ- | ਧਾੜਾ-ਨ | ਕਤੱਕਤਾ |
| x | | 3 | | |
| ਘੇਘੇ ਨਾਨਾ | ਗਦਿਗੇਨਾ | ਧਾ-ਕਤਾ | ਘੇਘੇ ਨਾਨਾ | ਗਦਿਗੇਨਾ |
| 0 | | 3 | | |
| ਧਾ-ਕਤਾ | ਘੇਘੇ ਨਾਨਾ | ਗਦਿਗੇਨਾ | ਧਾ- | ਧਾਗੇ ਤਿਟ |
| x | | 2 | | |
| ਤਾਗੇ ਤਿਟ | ਗਦਿਗੇਨਾ | ਨਗਤਿਟ | ਕਤਾਗਦਿ | ਗੇਨਾਧਾ- |
| 0 | | 3 | | |
| ਧਾੜਾ-ਨ | ਕਤੱਕਤਾ | ਘੇਘੇ ਨਾਨਾ | ਗਦਿਗੇਨਾ | ਧਾ-ਕਤਾ |
| x | | 2 | | |
| ਘੇਘੇ ਨਾਨਾ | ਗਦਿਗੇਨਾ | ਧਾ-ਕਤਾ | ਘੇਘੇ ਨਾਨਾ | ਗਦਿ ਗਿਨਾ |
| 0 | | 3 | | |
| ਧਿੰਨ | | | | |
| x | | | | |

**ਧਿੰਨ :** ਇਸ ਪਰਣ ਦਾ ਇਕ ਪੱਲਾ 17 ਮਾਤ੍ਰਾਂ ਦਾ ਹੈ। ਜਿਸ ਨੂੰ ਲਗਾਤਾਰ ਤਿੰਨ ਵਾਰ ਵਜਾਉਣ ਨਾਲ ਅੰਤਿਮ 'ਧਾ' ਸਮ ਤੇ ਆਏਗਾ। ਇਹ ਪਰਣ 50 ਮਾਤ੍ਰਾ ਦੀ ਪਰਣ ਹੈ।

**ਨੌ-ਹੱਕਾ ਜਾਂ ਨੌ 'ਧਾ' ਦੀ ਤਿਹਾਈ :** ਇਹ ਵੀ ਤਿਹਾਈ ਦੀ ਹੀ ਇਕ ਖਾਸ ਕਿਸਮ ਹੈ, ਕਿਸੇ ਵੀ ਤਿਹਾਈ ਨੂੰ 'ਧਾ' ਸਹਿਤ ਤਿੰਨਵਾਰ ਵਜਾਉਣ ਨਾਲ ਕੁਲ '9' 'ਧਾ' ਬਣਦੇ ਹਨ। ਜਦੋਂ ਅੰਤਿਮ 'ਧਾ' ਭਾਵ ਨੌਵਾਂ 'ਧਾ' ਸਮ ਤੇ ਆਏ ਤਾਂ ਅਜਿਹੀ ਬੰਦਿਸ਼ ਨੌ-ਹੱਕਾਂ ਜਾਂ ਨੌ 'ਧਾ' ਦੀ ਤਿਹਾਈ ਕਹਾਉਂਦੀ ਹੈ। ਤਿਹਾਈ ਵਿੱਚ ਕਿਸੇ ਬੋਲ ਸਮੂਹ ਨੂੰ 'ਧਾ' ਸਹਿਤ ਤਿੰਨ ਵਾਰ ਵਜਾਇਆ ਜਾਂਦਾ ਹੈ ਲੇਕਿਨ ਨੌ-ਹੱਕੇ ਦੌਰਾਨ ਕਿਸੇ ਬੋਲ ਸਮੂਹ 'ਧਾ' ਸਹਿਤ 9 ਵਾਰ ਵਜਾਇਆ ਜਾਂਦਾ ਹੈ।

ਉਦਾਹਰਣ : ਨੌ-ਹੱਕਾਂ ਤਾਲ ਅਸੂਲ-ਏ-ਫ਼ਾਖਤਾ (5 ਮਾਤ੍ਰਾ)[1]

| | | | |
|---|---|---|---|
| ਧਾ ਤੀ | ਧਾ,ਧਾ | ਤੀ ਧਾ, | ਧਾ ਤੀ |
| x | | 2 | 3 |
| ਧਾ- | ਨਧਾ | ਤੀ ਧਾ, | ਧਾ ਤੀ |
| | x | | 2 |
| ਧਾ, ਧਾ | ਤੀ ਧਾ, | -ਨ | ਧਾ ਤੀ |
| 3 | | x | |
| ਧਾ, ਧਾ | ਤੀ ਧਾ | ਧਾ ਤੀ | ਧਿਨ |
| 2 | 3 | | x |

**ਗੱਤ :** ਇਹ ਟੁਕੜੇ ਮੁਖੜੇ ਉਠਾਨ ਤੇ ਪਰਣ ਆਦਿ ਤੋਂ ਅਲੱਗ ਵਿਸ਼ੇਸ਼ ਪ੍ਰਕਾਰ ਦੀ ਰਚਨਾ ਹੈ ਜਿਸ ਨੂੰ ਬਰਾਬਰ ਦੁਗਨ ਤੇ ਚਾਰਗੁਣ ਆਦਿ ਲੈ ਵਿੱਚ ਵਜਾਇਆ ਜਾਂਦਾ ਹੈ, ਇਸ ਪ੍ਰਕਾਰ ਦੀ ਬੰਦਿਸ਼ ਦਾ ਵਿਸਥਾਰ ਨਹੀਂ ਕੀਤਾ ਜਾਂਦਾ ਤੇ ਲੱਗਭਗ ਇਹ ਤਿਹਾਈ ਤੋਂ ਰਹਿਤ ਹੀ ਹੁੰਦੀ ਹੈ।

ਉਦਾਹਰਣ : ਗੱਤ ਤਿੰਨ ਤਾਲ *

| | | | |
|---|---|---|---|
| ਧਾ-ਨ | ਧਿਕਿਟ | ਕਤਾਗ | ਦਿਗੇਨਾ |
| x | | | |
| ਧਾ-ਤ੍ਰਕ | ਧਿਕਿਟ | ਕਤਾਗ | ਦਿਗੇਨਾ |
| 2 | | | |
| ਨਗਨ | ਗਨਗ | ਨਗਤਿ | ਰਕਿਟ |
| 0 | | | |
| ਧਾ-ਤ੍ਰਕ | ਧਿਕਿਟ | ਕਤਾਗ | ਦਿਗੇਨਾ ਧਾ |
| 2 | | | x |

**ਆੜ ਲੈਅ:** ਇਹ ਅਸਾਧਾਰਨ ਲੈਅ ਦਾ ਇਕ ਪ੍ਰਕਾਰ ਹੈ, ਜਦੋਂ ਇਕ ਮਾਤ੍ਰਕਾਲ ਦੌਰਾਨ ਡੇਢ ਮਾਤ੍ਰਾ ਜਾਂ ਦੋ ਮਾਤ੍ਰਾ ਕਾਲ ਦੌਰਾਨ ਤਿੰਨ ਮਾਤ੍ਰਾ ਗਾਈਆਂ ਜਾਂ ਵਜਾਈਆਂ ਜਾਣ ਤਾਂ ਅਜਿਹੀ ਲੈਅ ਹੀ ਆੜ ਲੈਅ ਕਹਾਉਂਦੀ ਹੈ।

**ਕੁਆੜ ਲੈਅ :** ਇਸ ਪ੍ਰਕਾਰ ਦੀ ਲੈਅ ਸਬੰਧੀ ਦੋ ਮੱਤ ਹਨ। ਪਹਿਲੇ ਮੱਤ ਅਨੁਸਾਰ ਚਾਰ ਮਾਤ੍ਰਾ ਕਾਲ ਵਿੱਚ 5 ਮਾਤ੍ਰਾ ਗਾਈਆਂ ਵਜਾਈਆਂ ਜਾਣ ਤਾ ਇਹੋ ਲੈਅ ਕੁਆੜ ਲੈਅ ਕਹਾਉਂਦੀ ਹੈ। ਭਾਵ ਸਵਾ ਗੁਣ ਲੈਅਕਾਰੀ ਹੀ ਕੁਆੜ ਲੈਅ ਹੈ। ਦੂਜੇ ਮੱਤ ਅਨੁਸਾਰ ਆੜ ਲੈਅ ਦੀ ਆੜ ਲੈਅਕਾਰੀ ਨੂੰ ਕੁਆੜ ਲੈਅ ਮੰਨਿਆ ਗਿਆ ਹੈ।

**ਬਿਆੜ ਲੈਅ :** ਇਸ ਦੇ ਬਾਰੇ ਵੀ ਦੋ ਮੱਤ ਹਨ। ਪਹਿਲੇ ਮੱਤ ਅਨੁਸਾਰ 4 ਮਾਤ੍ਰਾ ਕਾਲ ਦੌਰਾਨ 7 ਮਾਤ੍ਰਾ ਗਾਉਣ ਵਜਾਉਣ ਦੀ ਕਿਰਿਆ ਹੀ ਬਿਆੜ ਲੈਅ ਕਹਾਉਂਦੀ ਹੈ। ਭਾਵ ਪੌਣੇ ਦੋ ਗੁਣ ਲੈਅਕਾਰੀ ਹੀ ਬਿਆੜ ਲੈਅ ਹੈ।

ਦੂਜੇ ਮੱਤ ਅਨੁਸਾਰ ਕੁਆੜ ਲੈਅ ਦੀ ਆੜ ਲੈਅਕਾਰੀ ਨੂੰ ਬਿਆੜ ਲੈਅਕਾਰੀ ਕਿਹਾ ਗਿਆ ਹੈ।

**ਲਗੀ :** ਜਿਵੇਂ ਤਿੰਨ ਤਾਲ, ਇਕਤਾਲ, ਆੜਾ ਚਾਰਤਾਲ ਤੇ ਝਪਤਾਲ ਆਦਿ ਤਾਲਾਂ ਵਿੱਚ ਕਾਇਦਿਆਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਠੀਕ ਉਸੇ ਪ੍ਰਕਾਰ ਹੀ ਸੁਗਮ ਸੰਗੀਤ ਦੌਰਾਨ ਛੋਟੇ ਤਾਲ, ਦਾਦਰਾ, ਕਹਿਰਵਾ, ਦੀਪ ਚੰਦੀ ਤੇ ਰੂਪਕ ਆਦਿ ਵਿੱਚ

ਕਾਇਦੇ ਦੀ ਤਰ੍ਹਾਂ ਛੋਟੀ ਸੁੰਦਰ ਬੋਲ ਬੰਦਿਸ਼ ਹੁੰਦੀ ਹੈ ਅਤੇ ਠੁਮਰੀ, ਦਾਦਰਾ ਤੇ ਗਜ਼ਲ ਆਦਿ ਗਾਇਕੀ ਦੌਰਾਨ ਲਗੀ ਦੀ ਬੜਤ ਪਲਟਿਆਂ ਰਾਹੀਂ ਕੀਤੀ ਜਾਂਦੀ ਹੈ। ਜਿਸ ਨੂੰ ਬਾਂਟ ਕਰਨਾ ਕਿਹਾ ਜਾਂਦਾ ਹੈ।

ਉਦਾਹਰਣ : ਲੱਗੀ ਤਾਲ ਕਹਿਰਵਾ [1]

| | | | | |
|---|---|---|---|---|
| ਧਾੜਾ | ਗਧਿ | ਗਿਨਾ | ਤਿਨ | |
| x | | | | |
| ਤਾੜਾ | ਕਤਿ | ਗਿਨਾ | ਧਿਨੁ | ਧਾ |
| 0 | | | | x |

**ਲੜੀ :** ਇਹ ਰੇਲੇ ਦੀ ਤਰ੍ਹਾਂ ਛੋਟੇ ਤਾਲਾਂ ਵਿਚ ਪ੍ਰਯੋਗ ਹੋਣ ਵਾਲੀ ਰਚਨਾਂ ਹੈ ਜੋ ਚਾਰ ਗੁਣ ਲੈਅ ਵਿੱਚ ਵਜਾਈ ਜਾਂਦੀ ਹੈ। ਇਹ ਵਿਸਥਾਰ ਤੋਂ ਰਹਿਤ ਹੁੰਦੀ ਹੈ। ਇਸ ਕਰਕੇ ਹੀ ਇਸ ਨੂੰ ਲੜੀ ਕਿਹਾ ਜਾਂਦਾ ਹੈ। ਗਾਇਨ ਤੋਂ ਸਿਤਾਰ ਦੇ ਝਾਲੇ ਨਾਲ ਵੀ ਇਸ ਦਾ ਪ੍ਰਯੋਗ ਕੀਤਾ ਜਾਂਦਾ ਹੈ।

ਉਦਾਹਰਣ : ਲੜੀ ਤਾਲ ਕਹਿਰਵਾ [1]

| | | | | |
|---|---|---|---|---|
| ਧਿਟ | ਤਤਾ | ਘੇ ਘੇ | ਤਿਟ | |
| x | | | | |
| ਤਿਟ | ਤਤਾ | ਘੇ ਘੇ | ਤਿਟ | ਧਾ |
| 0 | | | | x |

**ਬਾਜ :** ਬਾਜ ਤੋਂ ਭਾਵ ਕਿਸੇ ਕੰਮ ਨੂੰ ਕਰਨ ਵਾਲਾ ਜਾਂ ਕਰਤਾ ਕਿਸੇ ਵਿਸ਼ੇਸ਼ ਨਾਓਂ ਜਾਂ ਕਿਰਿਆ ਦੇ ਪਿਛੇਤਰ ਲੱਗ ਕੇ ਇਸ ਦਾ ਭਾਵ ਸਪਸ਼ਟ ਹੋ ਜਾਂਦਾ ਹੈ, ਜਿਵੇਂ ਪਤੰਗਬਾਜ, ਜੂਏਬਾਜ, ਧੋਖੇਬਾਜ ਤੇ ਤਬਲ ਬਾਜ ਆਦਿ। ਤਬਲਾ ਵਾਦਨ ਕਿਰਿਆ ਵਿੱਚ ਬਾਜ ਸ਼ਬਦ ਮਹੱਤਵਪੂਰਨ ਹੋ ਗਿਆ ਹੈ। ਤਬਲੇ ਦੀ ਵਿਸ਼ੇਸ਼ ਵਾਦਨ ਸ਼ੈਲੀ ਹੀ ਬਾਜ ਅਖਵਾਉਂਦੀ ਹੈ ਪਖਾਵਜ ਦੇ ਨਾਲ ਜਦੋਂ ਤਬਲਾ ਹੋਂਦ ਵਿਚ ਆਇਆ ਉਦੋਂ ਤੋਂ ਹੀ ਬਾਜ ਦੀ ਪਰੰਪਰਾ ਸ਼ੁਰੂ ਹੋਈ ਲਗਦੀ ਹੈ।

ਉਸਤਾਦ ਲਛਮਣ ਸਿੰਘ ਸੀਨ ਜੀ ਮੁਤਾਬਿਕ, "ਮੂਲ ਰੂਪ ਵਿੱਚ ਦੋ ਹੀ ਬਾਜ ਹਨ। ਪਹਿਲਾ ਪੰਜਾਬ ਬਾਜ ਜੋ ਪਖਾਵਜ ਸ਼ੈਲੀ ਤੇ ਅਧਾਰਿਤ ਹੈ ਅਤੇ ਦੂਜਾ ਦਿਲੀ ਬਾਜ ਜੋ ਨਗਾਰਾ, ਨਗਾੜੀ, ਤਾਸ਼ਾ ਤੇ ਢੋਲਕ ਆਦਿ ਦੇ ਪ੍ਰਭਾਵ ਅਧੀਨ ਆ ਕੇ ਕਿਨਾਰ ਦੇ 'ਬਾਜ' ਨਾਲ ਪ੍ਰਚਲਿਤ ਹੋਇਆ।[2]

ਡਾ. ਸ੍ਰੀ ਮਤੀ ਯੋਗ ਮਾਇਆ ਸ਼ੁਕਲ ਨੇ 'ਬਾਜ' ਸਬੰਧੀ ਜਿਕਰ ਕਰਦਿਆਂ ਲਿਖਿਆ ਹੈ ਕਿ "ਤਬਲਾ ਜੋੜੀ ਦੀ ਪਰੰਪਰਾਗਤ ਵਾਦਨ ਵਿੱਧੀਆਂ ਵਿੱਚ ਥਾਪ ਤੇ ਚਾਂਟ (ਕਿਨਾਰ) ਦੇ ਪ੍ਰਯੋਗ ਨਾਲ ਬਾਜਾਂ ਦੀ ਵਿਕਸਿਤ ਪ੍ਰੰਪਰਾ ਦਿਖਾਈ ਦਿੰਦੀ ਹੈ। ਤਬਲਾ ਵਾਦਨ ਸ਼ੈਲੀ ਤੇ ਅਰਥ ਵਿੱਚ ਲੋਕ ਬੋਲੀ ਦਾ 'ਬਾਜ' ਸ਼ਬਦ ਸੰਗੀਤਕਾਂ 'ਚ ਪ੍ਰਚਲਿਤ ਹੈ। ਕਿਸੇ ਸਾਜ਼ ਨੂੰ ਵਜਾਇਆ ਜਾਣਾ ਹੀ ਮਹੱਤਵਪੂਰਣ ਕਿਹਾ ਗਿਆ ਹੈ।[3]

ਬੋਲਾਂ ਦੇ ਨਿਕਾਸ, ਹੱਥਾਂ ਦੀਆਂ ਕਿਰਿਆਵਾਂ ਅਤੇ ਵਾਦਨ ਦੇ ਵਿਸਥਾਰ ਢੰਗ ਆਦਿ ਕਰਕੇ ਹੀ ਇਕ 'ਬਾਜ' ਦੂਜੇ 'ਬਾਜ' ਨਾਲੋਂ ਭਿੰਨ ਹੋ ਜਾਂਦਾ ਹੈ। ਪੰਜਾਬ ਤੇ ਦਿਲੀ ਬਾਜ ਤੋਂ ਇਲਾਵਾ ਲਖਨਊ, ਬਨਾਰਸ, ਫਰੁਖਾਬਾਦ ਤੇ ਅਜਰਾੜਾ ਬਾਜ ਆਦਿ ਆਪੋਂ ਆਪਣੀਆਂ ਵਿਸ਼ੇਸ਼ਤਾਵਾਂ ਕਰਕੇ ਪ੍ਰਚਲਤ ਹੋਏ ਹਨ।

**ਘਰਾਣਾ :** ਭਾਈ ਕਾਹਨ ਸਿੰਘ ਅਨੁਸਾਰ, "ਘਰਾਣੇ ਤੋਂ ਭਾਵ ਕੁਲ, ਵੰਸ਼ ਜਾਂ ਖਾਨਦਾਨ ਹੈ।[4]

ਘਰਾਣਾ ਸਦੀਆਂ ਤੋਂ ਚਲੀ ਆ ਰਹੀ ਵਿਸ਼ੇਸ਼ ਪ੍ਰੰਪਰਾ ਹੈ ਜੋ ਪੀੜੀ ਦਰ ਪੀੜੀ ਆਪਣੇ ਪੂਰਵਜਾਂ ਦੇ ਨਕਸ਼ੇ ਕਦਮ ਤੇ ਚਲਦੀ ਰਹਿੰਦੀ ਹੈ, ਪੰਜਾਬ ਵਿੱਚ 'ਨਾਥ ਜੋਗੀਆਂ, ਗੁਰੂਆਂ ਤੇ ਪੀਰਾਂ ਫਕੀਰਾਂ ਦੀ ਵਿਸ਼ੇਸ਼ ਸੰਪਰਦਾ ਰਹੀ ਹੈ ਜੋ ਘਰਾਣੇ ਦਾ ਹੀ ਸਮਅਰਥੀ ਸ਼ਬਦ ਹੈ।

ਡਾ. (ਸ੍ਰੀਮਤੀ) ਯੋਗ ਮਾਇਆ ਸ਼ੁਕਲ ਨੇ ਘਰਾਣਾ ਸ਼ਬਦ ਦੀ ਵਿਆਖਿਆ ਕਰਦਿਆਂ ਲਿਖਿਆ ਹੈ ਕਿ 'ਘਰਾਣਾ' ਸ਼ਬਦ ਦੀ ਉਤਪਤੀ 'ਘਰ' ਸ਼ਬਦ ਤੋਂ ਹੋਈ ਹੈ। 'ਘਰ' ਸੰਸਕ੍ਰਿਤੀ ਦੇ ਗ੍ਰਿਹ ਸ਼ਬਦ ਤੋਂ ਉਪਜਿਆ ਹੈ।

ਇਹ 'ਘਰਾਣਾ' ਸ਼ਬਦ ਭਾਰਤੀ ਸੰਗੀਤ ਵਿੱਖ ਪੇਸ਼ੇਵਰ ਗਾਇਕਾ ਵਾਦਕਾਂ ਤੇ ਨ੍ਰਿਤਕਾਰਾਂ ਦੀ ਵੰਸ਼ ਪ੍ਰੰਪਰਾ ਦਾ ਸੂਚਕ ਹੈ। ਵੱਖ ਵੱਖ ਸਥਾਨਾਂ ਤੇ ਵਸੇ ਵਿਭਿੰਨ ਕਲਾਕਾਰਾਂ ਦੀ ਕਲਾ ਸਥਾਨਕ ਪ੍ਰਭਾਵ ਤੇ ਲੋਕ ਰੁਚੀ ਤੋਂ ਉਨ੍ਹਾਂ ਦੀ ਪੇਸ਼ਕਾਰੀ ਤੇ ਪ੍ਰਭਾਵ ਪਿਆ ਤੇ ਉਹੀ ਸਥਾਨਕ ਨਾਮ ਤੋਂ ਪ੍ਰੰਪਰਾ ਪ੍ਰਸਿੱਧ ਹੋ ਗਈ।[5]

ਕਿਸੇ ਵੀ ਗੁਰੂ ਦੇ ਦੁਆਰਾ ਇਕ ਪ੍ਰਕਾਰ ਦਾ ਸਿਖਿਆ ਗਿਆ ਬਾਜ ਜੋ ਆਪਣੀ ਅਲੱਗ ਵਿਸ਼ੇਸ਼ਤਾ ਰਖਦਾ ਹੈ ਅਤੇ ਕਿਸੇ ਖਾਨਦਾਨ ਵਿੱਚ ਕੋਈ ਵਿਦਿਆ ਕਈ ਪੀੜੀਆਂ ਤੋਂ ਚਲਦੀ ਆਏ ਤਾਂ ਉਸ ਖਾਨਦਾਨ ਨੂੰ ਉਸ ਵਿਦਿਆ ਦਾ ਘਰਾਣਾ ਕਿਹਾ ਜਾਂਦਾ ਹੈ।[6]

ਪੰਜਾਬ, ਦਿਲੀ, ਲਖਨਊ, ਫਰੁਖਾਬਾਦ, ਅਜਰਾੜਾ ਤੇ ਬਨਾਰਸ ਆਦਿ ਸਥਾਨਾਂ ਦੀਆਂ ਵਾਦਨ ਸ਼ੈਲੀਆਂ, ਪੰਜਾਬ ਘਰਾਣਾ, ਲਖਨਊ ਘਰਾਣਾ, ਫਰੁਖਾਬਾਦ ਘਰਾਣਾ, ਅਜਰਾੜਾ ਘਰਾਣਾ ਤੇ ਬਨਾਰਸ ਘਰਾਣਾ ਆਦਿ ਸਥਾਨਾਂ ਦੇ ਨਾਮ ਕਰਕੇ ਪ੍ਰਸਿੱਧ ਹੋਈਆਂ। ਹਰੇਕ ਘਰਾਣਾ ਭਾਵੇਂ ਆਪਣੇ ਆਪਣੀਆਂ ਵਿਸ਼ੇਸ਼ਤਾਵਾਂ ਕਰਕੇ ਪ੍ਰਸਿੱਧ ਹੋਇਆ। ਪੰਜਾਬ ਘਰਾਣਾ ਆਪਣੀਆਂ ਖਾਸ ਵਿਸ਼ੇਸ਼ਤਾਵਾਂ ਕਰਕੇ ਇਨ੍ਹਾਂ ਸਾਰੇ ਘਰਾਣਿਆਂ ਤੋਂ ਸਰਵ-ਸ੍ਰੇਸ਼ਠ ਸਥਾਨ ਪ੍ਰਾਪਤ ਕਰ ਗਿਆ ਹੈ। ਇਨ੍ਹਾਂ ਸਾਰੇ ਘਰਾਣਿਆਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਵੱਖਰੇ ਲੇਖ ਵਿੱਚ ਦਿੱਤੀ ਜਾਵੇਗੀ। ■

---

[1] ਉਸਤਾਦ ਲਛਮਣ ਸਿੰਘ ਸੀਨ ਜੀ (ਪੰਜਾਬ ਘਰਾਣਾ) ਤੋਂ ਪ੍ਰਾਪਤ ਬੰਦਿਸ਼ਾਂ

[2] ਉਸਤਾਦ ਲਛਮਣ ਸਿੰਘ ਸੀਨ ਜੀ (ਪੰਜਾਬ ਘਰਾਣਾ) ਜਲੰਧਰ

[3] ਡਾ. ਯੋਗ ਮਾਇਆ ਸ਼ੁਕਲ, ਤਬਲੇ ਕਾ ਉਦਗਮ ਵਿਕਾਸ ਤੇ ਵਾਦਨ ਸ਼ੈਲੀਆਂ, ਪੰਨਾ 177-78

[4] ਭਾਈ ਕਾਹਨ ਸਿੰਘ ਨਾਭਾ 'ਮਹਾਨਕੋਸ਼'

[5] ਡਾ. ਯੋਗ ਮਾਇਆ ਸ਼ੁਕਲ, 'ਤਬਲੇ ਕਾ ਉਦਗਮ ਵਿਕਾਸ ਤੇ ਵਾਦਨ ਸ਼ੈਲੀਆਂ', ਪੰਨਾ 150

[6] ਪੰਡਤ ਸ਼ਿਆਮ ਦਾਸ ਮਿਸ਼ਰ, ਸੰਗੀਤ (ਤਬਲਾ ਅੰਕ) ਪੰਨਾ 73

# ਅਸੀਂ ਕਿਵੇਂ ਗੁਰੂ ਗੋਬਿੰਦ ਸਿੰਘ ਦੇ ਸਿੱਖ ਅਖਵਾ ਸਕਦੇ ਹਾਂ ?

**ਭਗਵੰਤ ਸਿੰਘ ਦਲਾਵਰੀ ***

ਕੀ ਮੇਰੀ ਸਿੱਖਾਂ ਵਾਲੀ ਸ਼ਕਲ, ਕੀ ਮੇਰੇ ਪੰਜ ਕਰਾਰ, ਕੀ ਮੇਰਾ ਮੋਟਾ ਕੜਾ, ਕੀ ਮੇਰੀ ਕਿਰਪਾਨ, ਕੀ ਇਹ ਸਭ ਕੁਝ ਕਾਫੀ ਹਨ ਕਿ ਮੈਂ ਗੁਰੂ-ਖਾਲਸਾ ਜਾਣਿਆ ਜਾਵਾਂ? ਮੈਂ ਸੱਚ ਕਹਿੰਦਾ ਹਾਂ ਕਿ ਮੈਂ ਹੈਰਾਨ ਰਹਿ ਗਇਆ ਜਦ ਮੈਂ ਪ੍ਰੀਤਲੜੀ (ਅਕਤੂਬਰ '98) ਵਿਚ ਗੁਰਬਖਸ਼ ਸਿੰਘ ਦਾ ਪੁਰਾਣਾ ਲੇਖ ਗੁਰੂ ਗੋਬਿੰਦ ਸਿੰਘ ਮਹਾਰਾਜ ਉਤੇ ਲਿਖਿਆ ਪੜ੍ਹਿਆ। ਜਿਉਂ ਜਿਉਂ ਪੜਦਾ ਗਇਆ, ਇਕ ਖੁਸ਼ੀ ਦੀ ਲਹਿਰ ਦੌੜਦੀ ਰਹੀ ਮੇਰੇ ਹਿਰਦੇ ਵਿਚ ਤੇ ਪੁਛਦੀ ਰਹੀ "ਕੀ ਇਹੋ ਗੁਰਬਖਸ਼ ਸਿੰਘ ਹੈ ਜਿਸ ਬਾਰੇ ਲੋਕੀ ਸਮਝਦੇ ਸਨ ਕਿ ਉਹ ਸਿਖੀ ਵਿਰੁਧ ਹੈ ? ਕੀ ਇਹ ਉਹ ਬੰਦਾ ਹੈ ਜਿਸ ਨੂੰ unacceptable ਸਮਝਿਆ ਜਾਂਦਾ ਸੀ ? ਕੀ ਇਹ ਲੇਖ ਰਾਹੀਂ ਉਸਨੇ ਗੁਰੂ ਗੋਬਿੰਦ ਸਿੰਘ ਦੀ ਮਹਾਨਤਾ ਨੂੰ ਪੂਰੀ ਤਰ੍ਹਾਂ ਪਰਸ਼ੰਸਾ ਨਾਲ ਮੰਨਿਆ ਤੇ ਕਬੂਲਿਆ ਨਹੀਂ, ਤੇ ਕੀ ਉਹ ਅਜਕਲ ਦੇ ਅਖੌਤੀ intellectual ਵਾਲ ਦੀ ਖੱਲ ਉਤਾਰਨ ਵਾਲਿਆਂ ਤੋਂ ਜਿਆਦਾ Clear-headed ਨਹੀਂ, ਜਦ ਉਹ ਹੇਠਲੀਆਂ ਵਿਚਾਰਾਂ ਦਿੰਦਾ ਹੈ। ਗੁਰੂ ਗੋਬਿੰਦ ਸਿੰਘ ਬਾਰੇ।

ਉਨ੍ਹਾਂ ਦੇ ਧਾਰਮਕ ਵਿਚਾਰਾਂ ਨੂੰ ਕਈ ਆਲੋਚਕ ਪਹਿਲੇ ਗੁਰੂਆਂ ਨਾਲੋਂ ਵੱਖਰੇ ਸਮਝਣ ਦੀ ਗਲਤੀ ਕਰਦੇ ਹਨ। ਧਾਰਮਕ ਪਖੋਂ ਉਹ ਇਕੋ ਅਕਾਲ ਪੁਰਖ ਦੇ ਪੁਜਾਰੀ ਸਨ। ਉਨ੍ਹਾਂ ਦੀ ਰਚਨਾ "ਅਕਾਲ ਉਸਤਤਿ" ਨਾ ਸਿਰਫ ਇਕ ਮਹਾਨ ਕਵਿਤਾ ਹੈ, ਇਕ ਮਹਾਨ ਫਲਸਫਾ ਵੀ ਹੈ। ਪਰ ਉਨ੍ਹਾਂ ਭਗਤ ਹੁੰਦਿਆ ਹੋਇਆਂ ਤਲਵਾਰ ਵੀ ਚੁਕੀ ਤੇ ਉਹਦੀ ਦਲੀਲ ਉਨ੍ਹਾਂ ਨੇ ਔਰਗਜ਼ੇਬ ਨੂੰ ਲਿਖੇ ਆਪਣੇ ਖਤ ਵਿਚ ਇਹੀ ਦਿਤੀ ਸੀ–

*"ਚੂਕਾਰ ਅਜ਼ ਹਮਾ ਹੀਲਤੇ ਦਰ ਗੁਜ਼ਸਤ*

*ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ"*

(ਜਦੋਂ ਜੁਲਮ ਦੇ ਖਾਤਮੇ ਲਈ ਹੋਰ ਕੋਈ ਹੀਲਾ ਨਾ ਚਲੇ ਤਾਂ ਤਲਵਾਰ ਉਠਾਣੀ ਠੀਕ ਹੈ।)"

"ਜੇ ਖਾਲਸਾ ਪੰਥ ਕਦੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਆਪਣੇ ਤੇ ਆਪਣੇ ਸਾਰੇ ਪਰਿਵਾਰ ਦੇ ਸਾਥੀਆਂ ਦੇ ਖੂਨ ਨਾਲ ਪਾਈਆਂ ਲੀਹਾਂ ਉਤੇ ਚਲ ਸਕੇ ਤਾਂ ਅੱਜ ਉਹ ਸਾਰੇ ਭਾਰਤ ਦਾ ਪਥ-ਪਰਦਸ਼ਕ ਬਣ ਸਕਦਾ ਹੈ।"

"ਧਰਤੀ ਅਸਮਾਨ ਦਾ ਫਰਕ ਹੈ ਉਸ ਸਮੇਂ ਦੇ ਖਾਲਸੇ ਤੇ ਅਜ ਦੇ ਖਾਲਸੇ ਵਿਚ ਇਸ ਫਰਕ ਦਾ ਧਿਆਨ ਕਰਕੇ ਅਜ ਦਾ ਖਾਲਸਾ ਅਤਿ ਲੋੜੀਦਾ ਸਬਕ ਲੈ ਸਕਦਾ ਹੈ। ਗੁਰੂ ਖਾਲਸੇ ਵਾਲੀ ਨਿਰਮਾਣਤਾ ਅਜ ਉਕੀ ਅਲੋਪ ਹੋ ਚੁਕੀ ਹੈ। ਆਪਣੇ ਨਾਂ ਦੀਆਂ ਗੱਦੀਆਂ ਲਈ ਬਲਿਹਾਰ ਹੋਇਆ ਖਾਲਸਾ ਤਰਸਯੋਗ ਤਸਵੀਰ ਦਿਸ ਰਿਹਾ ਹੈ। ਜਿੰਨੀ ਤਾਕਤ ਰਣਜੀਤ ਸਿੰਘ ਦੇ ਹੱਥ ਵਿਚ ਆਈ ਸੀ ਉਨੀ ਹੀ ਤਾਕਤ ਅਜ ਇਹਦੇ ਹਥ ਆ ਚੁਕੀ ਹੈ। ਪਰ ਖਾਲਸਾ, ਕੀ ਆਪਣਿਆਂ ਤੇ ਕੀ ਬੇਗਾਨਿਆਂ, ਸਭ ਦੀ ਮਸਖਰੀ ਬਣ ਗਿਆ ਹੈ..........ਜਦੋਂ ਚੜ੍ਹੇ-ਪੀੜ੍ਹੇ ਸਿਖ, ਪੰਥ ਦਾ ਨਹੀਂ, ਆਪਣਾ ਹੀ ਸਿਕਾ ਚਲਾਣ ਲਈ ਗੁਰ ਸਿਖੀ ਦਾ ਦਮ ਭਰ ਰਹੇ ਹਨ। ਅਜ ਜਦੋਂ ਸਿੱਖਾਂ ਦੀ ਵਜ਼ੀਰੀ ਦੀਆਂ ਗੱਦੀਆਂ, ਦੌਲਤ ਤੇ ਨਾਮਣੇ ਲਈ ਸਾਹੋ ਸਾਹ ਹੋਈ ਭਜ ਦੌੜ ਵੇਖਦੇ ਹਾਂ, ਤਾਂ ਇਨ੍ਹਾਂ ਉਤੇ ਤਰਸ ਆਉਂਦਾ ਹੈ। ਇਹ ਗੁਰੂ ਗੋਬਿੰਦ ਸਿੰਘ ਦੇ ਸਿਖ, ਅੰਮ੍ਰਿਤ ਭਰੇ ਸੁਖਸਾਗਰ ਦੇ ਕੰਢਿਆਂ ਨੂੰ ਛਡ ਕੇ ਛਪੜਾਂ-ਟੋਭਿਆਂ ਵਿਚ ਮੱਛੀਆਂ ਫੜਦੇ ਹਨ।"

ਇਨ੍ਹਾਂ ਤਿੰਨ ਟੂਕਾਂ ਦੇ ਆਧਾਰ ਤੇ ਮੈਂ ਆਪਣੇ ਅੰਦਰ ਝਾਤੀ ਮਾਰਦਾ ਹਾਂ ਤੇ ਗੁਰਬਾਣੀ ਸ਼ੀਸ਼ੇ ਵਿਚੋਂ ਆਪਣੀ ਸ਼ਕਲ ਵੇਖਣ ਦੀ ਕੋਸ਼ਿਸ਼ ਕਰਦਾ ਹਾਂ। ਮੇਰੀ ਪੂਰੀ ਤਰ੍ਹਾਂ ਸਾਫ ਸੁਥਰੀ ਖੁਲ੍ਹੀ ਦਾਹੜੀ ਤੇ ਪਗੜੀ ਤੇ ਮੇਰੇ ਪੂਰੇ ਕਕਾਰ ਮੈਨੂੰ ਵਹਿਮ ਪਾਉਂਦੇ ਹਨ ਕਿ ਮੈਂ ਇੱਕ ਸਿੱਖ ਹਾਂ, ਖਾਲਸਾ ਹਾਂ ਤੇ ਇਉਂ ਜਾਪਦਾ ਹੈ ਕਿ "ਖਾਲਸਾ ਮੇਰੋ ਰੂਪ ਹੈ ਖਾਸ" ਮੈਨੂੰ ਢੁਕਦਾ ਹੈ। ਚਾਹੀਦਾ ਤਾਂ ਹੈ ਨਾ ਕਿ ਫਿਰ ਅਗਲੀ ਤੁਕ "ਖਾਲਸੇ ਮੇ ਹਓ ਕਰਉ ਨਿਵਾਸ" ਵੀ ਢੁਕੇ, ਪਰ ਕੋਈ ਨਹੀਂ ਢੁਕਦਾ। ਹੁਣ ਮੈਂ ਥਰ-ਥਰ ਕੰਬਣ ਲਗ ਜਾਂਦਾ ਹਾਂ। ਮੇਰੀ ਬਈਮਾਨੀ, ਮੇਰੀ ਕੁੰਬਾ ਪਰਵਰੀ, ਮੇਰੀ ਵਡਿਆਈ ਦੀ ਭੁਖ, ਮੇਰੀ ਸੇਵਾ-ਹੀਣ ਜਿੰਦਗੀ ਤੇ ਸਿਮਰਨਹੀਨ ਸਫਾਈ, ਇਹ ਸਭ ਮੈਨੂੰ ਕੋਸਣ ਲਗ ਜਾਂਦੇ ਹਨ। ਨਾਲੇ ਜਦੋਂ ਮੇਰਾ ਅੰਤਹਕਰਣ ਕਹਿ ਦੇਂਦਾ ਹੈ ਕਿ ਮੇਰੇ ਅੰਦਰ ਸ਼ਾਂਤੀ ਨਹੀਂ, ਸੁਖ ਨਹੀਂ, ਸਾੜ੍ਹਾ ਹੈ, ਦਵੈਸ਼ ਹੈ ਤਾਂ ਜ਼ਰੂਰ ਪਤਾ ਲਗ ਜਾਂਦਾ ਹੈ ਕਿ ਮੈਂ ਭੇਖੀ ਹਾਂ।

ਅਸਲੀ ਸ਼ਿਖ ਨਹੀਂ, ਗੁਰੂ ਦੀਆਂ ਗੱਲਾਂ ਯਾਦ ਆਉਂਦੀਆਂ ਹਨ :-

- *ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ ॥* (ਪੰਨਾ 470)

  (ਸਭ ਤੋਂ ਵੱਡਾ ਗੁਣ ਹੈ ਨਿਮਰਤਾ ਵਿਚ ਮਿਠਾਸ)
- *ਨਾਨਕ ਫਿਕੈ ਬੋਲੀਐ ਤਨੁ ਮਨੁ ਫਿਕਾ ਹੋਇ ॥* (ਪੰਨਾ 473)

  (ਕਉੜਾ ਬੋਲਣ ਨਾਲ ਤਨ-ਮਨ ਕਉੜਾ ਹੁੰਦਾ ਹੈ)
- *ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ ॥* (ਅਕਾਲ ਉਸਤਤਿ)

  (ਸਾਰੀ ਮਨੁੱਖ ਜਾਤੀ ਨੂੰ ਇਕੋ ਜਾਤ ਸਮਝੀਏ)
- *ਸਾਚੁ ਕਹੋ ਸੁਨ ਲਹੋ ਸਭੈ ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥* (ਸੁਧਾ ਸਵੱਯੇ)

  (ਸਚੀ ਗੱਲ ਸੁਣੋ, ਬਿਨਾ ਪ੍ਰੇਮ ਦੇ ਪ੍ਰਭੂ ਨਹੀਂ ਪਾਇਆ ਜਾ ਸਕਦਾ)
- *ਮਨ ਰੇ ਕਉਨ ਕੁਮਤਿ ਤੈ ਲੀਨੀ ॥* (ਪੰਨਾ 632)

* ਤਪੋਵਨ, ਅਮਰਾਵਤੀ – 444602 (ਮਹਾਰਾਸ਼ਟ੍ਰ)

(ਮਨ ਤੂੰ ਕਿਉ ਪੁਠੀ ਮਤ ਲੈ ਲਈ ਹੈ)

ਹੁਣ ਜਦੋਂ ਮੈ ਆਪਣੀ ਅਸਲੀ ਹਾਲਤ ਬਾਣੀ ਦੇ ਸ਼ੀਸ਼ੇ ਵਿਚੋਂ ਵੇਖਦਾ ਹਾਂ ਤਾਂ ਪੂਰੀ ਤਰ੍ਹਾਂ ਸ਼ਰਮਿੰਦਾ ਹੋ ਕੇ ਘਬਰਾਂਦਾ ਹਾਂ, ਬਲਕਿ ਬਾਬਾ ਫਰੀਦ ਦਾ ਖਿਆਲ ਆ ਜਾਂਦਾ ਹੈ।

"ਫਰੀਦਾ ਜਿਨੀ ਕੰਮੀ ਨਾਹਿ ਗੁਣ, ਤੇ ਕੰਮੜੇ ਵਿਸਾਰਿ ॥

*ਮਤੁ ਸਰਮਿੰਦਾ ਥੀਵਹੀ ਸਾਂਈ ਦੇ ਦਰਬਾਰਿ ॥*

*(ਪੰਨਾ 1381)*

(ਫਰੀਦਾ, ਜਿਨ੍ਹਾਂ ਗਲਾਂ ਦਾ ਕੋਈ ਫਾਇਦਾ ਨਹੀਂ, ਉਹ ਨਾਹ ਕਰ, ਮਤੇ ਪ੍ਰਭੂ ਦੇ ਦਰਬਾਰ ਵਿਚ ਸ਼ਰਮਿੰਦਾ ਹੋਣਾ ਪਵੇ)

ਮੈਂ ਆਪਣੇ ਅੰਦਰ ਤੱਕਦਾ ਹਾਂ। ਕਈ ਜਗ੍ਹਾ ਮੈਂ ਲੈਕਚਰ ਕਰਨੇ ਹਨ, ਕਈ ਜਗ੍ਹਾਂ ਇਨਾਮ ਵੰਡਣੇ ਹਨ, ਕਈ ਥਾਵਾਂ ਤੇ ਸੈਮੀਨਾਰ ਕਰਨੇ ਹਨ, ਪਰ ਗੁਰੂ ਤੇਗ ਬਹਾਦੁਰ ਦੀ ਸ਼ਹੀਦੀ ਦੇ ਗੁਰਪੁਰਬ ਦੇ ਨੇੜੇ, ਮੇਰੇ ਮਨ ਵਿਚ ਨਾ ਕੋਈ ਚਾਅ ਹੈ, ਨਾ ਤੜਪ ਤੇ ਨਾ ਕੋਈ ਰੀਝ ਹੈ ਕਿ ਮੈਂ ਵੀ ਗੁਰੂ ਦੇ ਨਕਸ਼ੇ ਕਦਮ ਤੇ ਚਲਣਾ ਹੈ। ਖੈਰ, ਮੈਂ ਲੈਕਚਰ ਕਰ ਰਹਿਆ ਸੀ ਤਾਂ ਮੇਰੇ ਇਕ ਮਿਤਰ ਦੀ ਝਲਕ ਪਈ ਜਿਹੜੇ ਪੰਜਾਬੋ ਬਾਹਰ ਗੁਰੂ ਦੇ ਨਾ ਤੇ ਸੇਵਾ ਕਰਦੇ ਹਨ, ਜਦ ਵੀ ਮੈਨੂੰ ਮਿਲਦੇ ਹਨ, ਕਹਿਦੇ ਹਨ- "ਪਿਆਰਿਆ, ਬਾਹਰਲਾ ਭੇਖਾਂ ਤਾਂ ਹੀ ਚੰਗਾ ਲਗਦਾ ਹੈ ਜੇ ਤੇਰੇ ਅੰਦਰ ਗੁਰਬਾਣੀ ਦੇ ਹੁਕਮਾਂ ਤੇ ਚਲਣ ਦਾ ਸ਼ੌਕ ਹੈ।" ਇਕੋ ਥਾਂ ਤੇ ਦੋਵੇਂ ਪਹੁੰਚ ਗਏ ਤੇ ਪਤਾ ਲਗਾ ਕਿ ਉਨ੍ਹਾਂ ਵੀ ਉਥੇ ਬੋਲਣਾ ਹੈ। ਉਹਨਾਂ ਸਿਖੀ ਦੀ ਅਸਲੀਅਤ ਦਸਦਿਆਂ ਨੌ ਸਾਲ ਦੇ ਬੱਚੇ ਗੋਬਿੰਦ ਦਾ ਕਮਾਲ ਦੱਸਿਆ ਕਿ ਕਿਵੇਂ ਗੁਰੂ ਤੇਗਬਹਾਦੁਰ ਸਾਹਿਬ ਆਪਣੇ ਪਿਤਾ ਨੂੰ ਸ਼ਹੀਦ ਹੋਣ ਦੀ ਸਲਾਹ ਦਿੱਤੀ।

ਫਿਰ ਮੈਂ ਆਪਣੇ ਅੰਦਰ ਵੇਖਿਆ ਕਿ ਮੈਂ ਅਸਲੀਅਤ ਵਿਚ ਜੋ ਬੋਲਦਾ ਹਾਂ, ਉਹ ਮੇਰੇ ਅੰਦਰ ਨਹੀਂ ਹੈ ਤਾਂ ਮੈ ਕਿਵੇਂ ਲੋਕਾਂ ਨੂੰ ਪਰਭਾਵਤ ਕਰ ਸਕਦਾ ਹੈ। ਮੇਰੇ ਮਿਤਰ ਨੇ ਜਦ ਕਹਿਆ ਕਿ ਖਾਲਸੇ ਨੂੰ ਕੇਵਲ ਖਾਲਸਾ ਹੋਣ ਦੀ ਲੋੜ ਹੈ ਅੰਦਰੋ ਬਾਹਰੋ ਤਾਂ ਗੁਰੂ ਆਪ ਹੀ ਉਹਦੀ ਲਾਜ ਰਖੇਗਾ। ਨਾਲੇ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਅੰਮ੍ਰਿਤ ਛਕਾਣ ਦਾ ਮਤਲਬ ਇਹ ਹੈ ਕਿ ਸਿਰ ਗੁਰੂ ਨੂੰ ਵੇਚ ਦਿੱਤਾ ਜਾਏ। ਬਾਣੀ ਵਿਚ ਅੰਮ੍ਰਿਤ ਬਾਰੇ ਵਾਰ-ਵਾਰ ਇਹ ਸੁਨੇਹੇ ਮਿਲਦੇ ਹਨ ਕਿ -

- ਗੁਰਬਾਣੀ ਅੰਮ੍ਰਿਤ ਹੈ ਤੇ ਇਹਦਾ ਰਸ ਗੁਰਸ਼ਬਦ ਵਿਚੋਂ ਚੋਂਦਾ ਹੈ।
- ਮਨ ਤਨ ਵੇਚ ਕੇ ਹੀ ਗੁਰੂ ਦੀ ਖੁਸ਼ੀ ਮਿਲਦੀ ਹੈ।
- ਗੁਰੂ ਨੂੰ ਸਿਰ ਵੇਚ ਕੇ ਹੀ ਗੁਰੂ ਨਾਲ ਅਭੇਦ ਹੋਈਦਾ ਹੈ।
- ਮਨ ਵੇਚਣ ਨਾਲ ਗੁਰੂ ਸਾਰੇ ਕੰਮ ਰਾਸ ਕਰਦਾ ਹੈ।
- ਦੁਨੀਆਂ ਦੀਆਂ ਸਭ ਵਡਿਆਈਆਂ ਹੋਣ, ਪਰ ਪ੍ਰਭੂ ਦਾ ਜੇ ਪਿਆਰ ਨਹੀਂ, ਤਾਂ ਜੀਵਨ ਲਾਸ਼ ਵਾਂਗ ਹੈ।

ਫਿਰ ਮੈਂ ਦੇਖਦਾ ਹਾਂ ਮੇਰੀ ਜ਼ਿੰਦਗੀ ਦਾ ਮੰਤਵ ਤਾਂ ਕੇਵਲ ਆਪਣੀ ਵਡਿਆਈ, ਪੈਸਾ, ਲਾਲਚ ਤੇ ਕੁੰਬਾ-ਪਰਵਾਰੀ ਹੈ, ਮੈਂ ਕਿਵੇਂ ਗੁਰੂ ਗੋਬਿੰਦ ਸਿੰਘ ਦਾ ਖਾਲਸਾ ਅਖਵਾ ਸਕਦਾ ਹਾਂ ਤੇ ਉਹ ਕਿਵੇਂ ਮੇਰੇ ਅੰਦਰ ਵਸ ਸਕਦਾ ਹੈ।

ਜਦ ਮੈਂ ਆਪਣੇ ਮਿੱਤਰ ਨੂੰ ਮਿਲ ਕੇ ਇਹ ਸਵਾਲ ਪਰਗਟ ਕੀਤਾ ਕਿ ਮੈਂ ਗੁਰੂ ਦਾ ਅੰਮ੍ਰਿਤ ਵੀ ਛਕਿਆ ਹੋਇਆ ਹੋਇਆ ਹੈ, ਕਕਾਰ ਵੀ ਰਖਦਾ ਹਾਂ, ਮੇਰੀ ਵਡਿਆਈ ਵੀ ਹੋ ਰਹੀ ਹੈ, ਪਰ ਮੈਂ ਅੰਦਰੋ ਪਰੇਸ਼ਾਨ ਹਾਂ, ਮੇਰੇ ਅੰਦਰ ਸਕੂਨ ਨਹੀਂ। ਮੈਂ ਕਿਸ ਤਰ੍ਹਾਂ ਆਪਣਾ ਜੀਵਨ ਠੀਕ ਕਰ ਸਕਦਾ ਹਾਂ। ਮੇਰਾ ਵਿਚਾਰ ਸੀ ਕਿ ਮੇਰਾ ਮਿਤਰ ਮੇਰੇ ਜੀਵਨ ਤੇ ਠਪਾ ਲਾ ਦੇਵੇਗਾ ਤੇ ਕਹਿ ਦੇਵੇਗਾ ਕਿ ਤੁਸੀਂ ਕਮਾਲ ਦੇ ਜੀਵਨ ਦੇ ਮਾਲਕ ਹੋ ਕਿਉਂ ਪਰੇਸ਼ਾਨ ਹੁੰਦੇ ਹੋ ? ਪਰ ਉਸ ਕਹਿਆ -

- ਕੀ ਤੂੰ ਸੇਵਾ ਕਰਦਾ ਹੈਂ ?
- ਕੀ ਤੂੰ ਅੰਮ੍ਰਿਤ ਵੇਲੇ ਪ੍ਰਭੂ ਦੀ ਹਜ਼ੂਰੀ ਵਿਚ ਸਿਮਰਨ, ਕੀਰਤਨ, ਬਾਣੀ ਦੀ ਵਿਚਾਰ ਕਰਦਾ ਹੈਂ ?
- ਕੀ ਦਸਵੰਧ ਕਢਦਾ ਹੈਂ ?
- ਕੀ ਜਾਤ ਪਾਤ ਛਡ ਦਿਤੀ ਹੈ ਜਾਂ ਨੀਵੇਂ ਭਰਾਵਾਂ ਨਾਲ ਠੀਕ ਨਹੀਂ ਵਰਤਦਾ ਤੇ ਆਪਣੀ ਜਾਤ ਪਾਤ ਤੇ ਮਾਣ ਕਰਦਾ ਹੈਂ ?
- ਕੀ ਸ਼ਰਾਬ ਪੀਂਦਾ ਹੈ ਤੇ ਸ਼ਰਾਬ ਪੀ ਕੇ ਵੀ ਆਪਣੇ ਕਕਾਰਾਂ ਤੇ ਮਾਣ ਕਰਦਾ ਹੈ।
- ਕੀ ਗਰੀਬਾਂ ਨਾਲ ਪ੍ਰੇਮ ਕਰਦਾ ਹੈਂ ?
- ਕੀ ਕਿਸੇ ਨਾਲ ਵੈਰ ਵਿਰੋਧ ਕਰਦਾ ਹੈਂ? ਕੀ ਈਰਖਾ ਤੇ ਨਿੰਦਾ ਵਿੱਚ ਭਾਗ ਲੈਂਦਾ ਹੈਂ ?
- ਕੀ ਵਹਿਮਾਂ ਭਰਮਾਂ ਵਿਚੋਂ ਨਿਕਲ ਗਿਆ ਹੈਂ ?
- ਕੀ ਵਿਤਕਰਾ ਕਰਦਾ ਹੈਂ ? ਤੇ ਹਾਂ ਖਾਸ ਤੌਰ ਤੇ,
- ਕੀ ਸਵਾਸ ਸਵਾਸ ਨਾਮ ਜਪਦਿਆਂ ਮੌਤ ਨੂੰ ਹਰ ਵੇਲੇ ਚੇਤੇ ਰੱਖਦਾ ਹੈਂ ? ਤੇ ਗੁਰੂ ਲਈ, ਮਤਲਬ ਸਚ ਲਈ, ਸ਼ਹੀਦ ਹੋਣ ਲਈ ਤਿਆਰ ਹੈਂ ?

ਭਾਵੇਂ ਮੇਰਾ ਮਿੱਤਰ ਸੀ ਪਰ ਲਗਾ ਜਿਵੇਂ ਸੁਚਾ ਸੁਚਾ Public Prosecutor ਮੈਨੂੰ ਅੰਦਰੋਂ-ਬਾਹਰੋਂ Overhaul ਕਰ ਰਿਹਾ ਹੋਵੇ । ਮੇਰੇ ਮਨ ਵਿਚ ਆਇਆ ਕਿ ਉੱਥੋਂ ਨਸ ਜਾਵਾਂ, ਪਰ ਪ੍ਰਭਾਵ ਉਹਦਾ ਕੁਝ ਐਸਾ ਹੀ ਕਿ ਉਹਦੇ ਸਵਾਲ ਦਾ ਜਵਾਬ ਦੇਣ ਨੂੰ ਜੀ ਕਰਦਾ ਸੀ ਤੇ ਹਰ ਜਵਾਬ ਮੇਰੇ ਲਈ ਸੁਖਾਵਣਾ ਨਹੀਂ ਸੀ। ਮੇਰਾ ਅੰਦਰਲਾ ਭੇਖ ਨੰਗਾ ਹੋ ਰਿਹਾ ਸੀ। ਮੈਂ ਨਾਮ ਦਾ ਹੀ ਸਿੱਖ ਸਾਂ, ਸਚ ਇਹ ਹੈ ਕਿ ਜਿਸ ਗਲ ਕਰਕੇ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਮੇਰੇ ਵਿਚ ਨਿਵਾਸ ਕਰਨਾ ਸੀ, ਉਹ ਮੇਰੇ ਵਿਚ ਹੈ ਹੀ ਨਹੀਂ ਸੀ? ਗੁਰੂ ਨਾਨਕ ਤੋਂ ਲੈ ਕੇ ਸਾਰੇ ਗੁਰੂਆਂ ਨੇ ਕਿਸੇ ਨ ਕਿਸੇ ਤਰੀਕੇ ਨਾਲ ਇਹ Clear ਕਰ ਦਿਤਾ ਸੀ -

*ਜਉ ਤਉ ਪ੍ਰੇਮ ਖੇਲਨ ਕਾ ਚਾਓ ॥ ਸਿਰੁ ਧਰਿ ਤਲੀ ਗਲੀ ਮੇਰੀ ਆਓ ॥*

*ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ॥ (ਪੰਨਾ 1412)*

(ਜੇ ਤੈਨੂੰ ਪ੍ਰੇਮ ਦੀ ਖੇਡ ਖੇਡਣ ਦਾ ਚਾਉ ਹੈ ਤਾਂ ਆਪਨਾ ਸਿਰ ਤਲੀ ਤੇ ਰੱਖ ਕੇ ਮੇਰੀ ਗਲੀ ਵਿਚ ਆ। ਇਸ ਰਾਹ ਤੇ ਪੈਰ ਧਰਨ ਸਾਰ ਹੀ ਇਹ ਫੈਸਲਾ ਕਰ ਲੈਣਾ ਚਾਹੀਦਾ ਹੈ ਕਿ ਜੇ ਜਾਨ ਦੇਣੀ ਪਏ ਤਾਂ ਕੋਈ ਗਲ ਨਹੀਂ।)

ਹੁਣ ਇਹ ਗਲ ਸਾਫ ਸਮਝ ਆਈ ਕਿ ਅੰਮ੍ਰਿਤ ਛਕਣ ਦਾ ਮਤਲਬ ਹੈ ਕਿ ਜੀਣਾ ਗੁਰੂ ਦੇ ਹੁਕਮਾਂ ਤੇ ਚਲਦਿਆਂ ਨਿਮਰਤਾ ਤੇ ਲੋਕ ਭਲਾਈ ਵਿਚ ਤੇ ਸਚ ਲਈ ਸ਼ਹੀਦ ਹੋਣ ਨੂੰ ਤਿਆਰ ਰਹਿਣਾ। ਯਾਦ ਆਇਆ, ਕਿਸੇ ਨੇ ਦਸਿਆ ਸੀ :

-ਸਚ ਲਈ ਸ਼ਹੀਦ ਹੋਣ ਨਾਲ ਤਾਂ ਹੀ ਕਰਾਂਤੀ ਆਉਂਦੀ ਹੈ ਜੇ ਬੰਦਾ ਪਹਿਲਾਂ ਸਚ ਲਈ ਹੀ ਜੀਉਂਦਾ ਰਿਹਾ ਹੋਵੇ।

-ਪਹਿਲਾਂ ਮਰਨ ਕਬੂਲ ਕਰਨਾ ਹੀ ਸਿਖ ਦੇ ਕਕਾਰਾਂ ਦੀ ਸ਼ਾਨ ਹੈ। ਜੇ ਮੌਤ ਦਾ ਡਰ ਹੈ ਤਾਂ ਅੰਮ੍ਰਿਤ ਦਾ ਰੰਗ ਨਹੀਂ ਚੜ੍ਹਿਆ।

ਹੁਣ ਮੈਂ ਫਸ ਗਿਆ ਹਾਂ। ਮੇਰਾ ਭੇਖ ਨੰਗਾ ਹੋ ਚੁਕਾ ਸੀ, ਪਰ ਮੇਰਾ ਹੰਕਾਰ ਕਾਇਮ ਸੀ। ਪਹਿਲਾਂ ਤਾਂ ਕੁਝ ਨਾ ਸੁਝਾ ਤੇ ਮੈਂ ਚੁਪ ਰਿਹਾ, ਪਰ ਫਿਰ ਅਹੰਕਾਰ ਬੋਲਿਆ-ਭਾਈ ਸਾਹਿਬ ਤੁਸੀਂ ਤਾਂ ਸਰਕਾਰੀ ਪਿਠੂ ਲਗਦੇ ਹੋ, ਜਾਂ communist, ਤੁਹਾਨੂੰ ਸਿੱਖੀ ਅਸੂਲਾਂ ਦਾ ਕੀ ਪਤਾ ? ਮੈਂ ਕਈ ਸਾਲਾਂ ਤੋਂ ਪਰਚਾਰ ਕਰਦਾ ਹਾਂ, ਲਗਾਤਾਰ ਬਾਣੀ ਪੜ੍ਹਦਾ ਹਾਂ, ਲਗਾਤਾਰ ਆਪਣੇ ਇਲਾਕੇ ਦਾ ਲੀਡਰ ਹਾਂ ਤੁਸੀਂ ਕਿਤੇ ਹਿੰਦੂਆਂ ਨਾਲ ਰਲ ਕੇ ਮੈਨੂੰ ਡੇਗਣ ਤਾਂ ਨਹੀਂ ਆਏ।

ਮੇਰੇ ਮਿੱਤਰ ਨੇ ਆਪਣੇ ਮੱਥੇ ਤੇ ਹੱਥ ਮਾਰਿਆ ਤੇ ਅਫਸੋਸ ਨਾਲ ਕਿਹਾ - ਸਚਮੁਚ ਅਸੀਂ ਭਟਕ ਗਏ ਹਾਂ । ਤੇ ਭਾਈ ਗੁਰਦਾਸ ਜੀ ਦੀ ਬਾਣੀ ਹੁਣ ਸਚਾਈ ਪਰਗਟ ਕਰ ਰਹੀ ਹੈ।

*-ਕਲਿਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਂਈਂ ॥...... (ਵਾਰ 1 ਪਉੜੀ 30)*

(ਹੇ ਗੁਸਾਈਂ ! ਕਲਜੁਗ ਦੇ ਲੋਕ ਕੁੱਤੇ ਵਾਂਗ ਪਰਾਏ ਹੱਕ ਨੂੰ ਮੂੰਹ ਮਾਰਦੇ ਹਨ)

ਤੇ ਗੁਰੂ ਨਾਨਕ ਦੀ ਆਵਾਜ਼,

*-ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ ॥...... (ਪੰਨਾ 145)*

(ਕਲਜੁਗ ਦੀ ਕੈਂਚੀ ਵਿਚ ਰਾਜੇ ਕਸਾਈ ਹੋ ਗਏ ਤੇ ਧਰਮ ਪੰਖ ਲਗਾ ਕੇ ਉਡ ਗਿਆ ਹੈ।)

ਸਚਮੁਚ ਸਾਡੀ philosophy ਬਾਰੇ ਮੈਂ ਵੀ ਇਹੋ ਸੋਚਦਾ ਹਾਂ ਕਿ ਕਿਤੇ ਅਸੀਂ ਸਾਰੇ ਸਿੱਖ ਗੁਰੂ ਦੇ ਹੁਕਮਾਂ ਤੇ ਚਲਦੇ ਤੇ ਆਪਣੇ ਆਪ ਨੂੰ ਨਮੂਨਾ ਪੇਸ਼ ਕਰਦੇ ਉਸ ਪੂਰਨ ਇਨਸਾਨ ਦਾ ਜਿਹੜਾ ਖਾਲਸੇ ਦੇ ਨਾਂ ਹੇਠਾਂ ਬਣਾਇਆ ਗਇਆ ਸੀ, ਤਾਂ ਸਾਰਾ ਭਾਰਤ ਸਾਡੇ ਕੋਲੋਂ ਜੀਵਨ ਜਾਚ ਸਿਖਦਾ, ਪਰ ਅਫਸੋਸ, ਅਸੀਂ ਆਪ ਹੀ ਭਟਕ ਗਏ ਹਾਂ।

ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਹੈ, ਆਪਣੇ ਦਾਸਾਂ ਤੇ ਕਿਰਪਾ ਕਰੋ ਮੁੜ ਖਾਲਸੇ ਦੇ ਗੁਣ ਸਾਡੇ ਵਿਚ ਪੈਦਾ ਕਰੋ ਤਾਂ ਜੋ ਆਪਦਾ ਪ੍ਰਕਾਸ਼ ਉਤਸਵ ਮਨਾਦਿਆਂ ਸਾਨੂੰ ਸ਼ਰਮ ਨਾ ਆਵੇ ਕਿ ਅਸੀਂ ਅੰਦਰੋ ਹੋਰ, ਬਾਹਰੋਂ ਹੋਰ ਹਾਂ। ■


*With best complimets from :*

**Mohinder Singh Bedi**
**Advocate**
PUNJAB & HARYANA HIGH COURT

New Bar Complex, Room No. 2
